੧ ੴ ਸਤਿਗੁਰ ਪ੍ਰਸਾਦਿ ॥

# ਬਚਿਤ੍ਰ ਨਾਟਕ

ਪ੍ਰਕਾਸ਼ਕ :—

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ ।

ਭੇਟਾ ੧੦) ਰੁਪੈ

 www.sikhbookclub.com

੧ ੴ ਸਤਿਗੁਰ ਪ੍ਰਸਾਦਿ ॥

# ਬਚਿੱਤ੍ਰ ਨਾਟਕ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਆਪਣੀ ਕਥਾ

ਟਿਪਣੀ ਤੇ ਪ੍ਰਯਾਵਾਂ ਸਹਿਤ

ਪ੍ਰਕਾਸ਼ਕ—

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਸ੍ਰੀ ਅੰਮ੍ਰਿਤਸਰ ।


www.sikhbookclub.com

ਪ੍ਰਕਾਸ਼ਕ :—
ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ,
ਸ੍ਰੀ ਅੰਮ੍ਰਿਤਸਰ ।

| | | |
|---|---|---|
| ਹੁਣ ਤਕ ਛੇ ਐਡੀਸ਼ਨਾਂ ਵਿਚ ਛਪ ਚੁਕੀ | | ੩੫੦੦੦ |
| ਸੱਤਵੀਂ ਵਾਰ | ਜੁਲਾਈ ੨੦੦੦ | ੫੦੦੦ |

ਛਾਪਣ ਵਾਲੇ :—
ਗੁਰਦੁਆਰਾ ਪ੍ਰਿੰਟਿੰਗ ਪ੍ਰੈਸ,
ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ ।
ਪ੍ਰਿੰਟਰ—ਡਾ: ਗੁਰਬਚਨ ਸਿੰਘ "ਬਚਨ"

੨੩੯/੭-੨੦੦੦/੫੦੦੦

# ਦੋ ਸ਼ਬਦ

ਕੁਝ ਸਮੇਂ ਤੋਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣਾ ਪ੍ਰੈਸ ਲਗਾ ਕੇ ਸ਼ੁੱਧ ਗੁਰਬਾਣੀ ਤੇ ਗੁਰਮਤਿ ਸਾਹਿਤ ਦੇ ਪ੍ਰਕਾਸ਼ਨ ਦਾ ਜੋ ਪਵਿੱਤ੍ਰ ਉੱਦਮ ਆਰੰਭ ਕੀਤਾ ਹੋਇਆ ਹੈ, ਇਹ ਪੁਸਤਕ ਉਸੇ ਦੀ ਹੀ ਇਕ ਕੜੀ ਹੈ।

ਇਹ ਸੰਚਯ 'ਬਚਿੱਤ੍ਰ ਨਾਟਕ' ਦਾ ਇਕ ਹਿੱਸਾ ਹੈ। ਇਸ ਵਿੱਚ ਆਈ ਬਾਣੀ ਦਸਮੇਸ਼ ਜੀ ਦੀ ਆਪਣੀ ਕਥਾ ਹੈ।

ਸ੍ਰੀ ਦਸਮੇਸ਼ ਜੀ ਦੀ ਬਾਣੀ ਛੰਦਾ-ਬੰਦੀ ਤੇ ਬ੍ਰਿਜ ਭਾਸ਼ਾ (ਹਿੰਦੀ) ਵਿਚ ਹੋਣ ਕਰ ਕੇ ਪੜ੍ਹੇ ਲਿਖੇ ਸੱਜਣਾਂ ਤੋਂ ਬਿਨਾਂ ਸਧਾਰਨ ਜਨਤਾ ਨੂੰ ਬਾਣੀ ਦਾ ਪਾਠ ਕਰਨਾ, ਅਰਥ ਤੇ ਭਾਵ ਸਮਝਣੇ ਕਠਿਨ ਪ੍ਰਤੀਤ ਹੋ ਰਹੇ ਹਨ। ਇਸ ਕਠਿਨਾਈ ਨੂੰ ਸਾਹਮਣੇ ਰੱਖਦਿਆਂ ਹੋਇਆਂ ਇਸ ਸੰਚਯ ਵਿਚ ਆਈ ਬਾਣੀ ਟਿਪਣੀ ਸਹਿਤ ਪ੍ਰਕਾਸ਼ਤ ਕੀਤੀ ਜਾ ਰਹੀ ਹੈ। ਸਾਰੇ ਔਖੇ ਪਦਾਂ ਦਾ ਤੇ ਕਿਤੇ-ਕਿਤੇ ਸਮੁੱਚੀ ਪੰਗਤੀ ਦਾ ਅਰਥ ਦਿੱਤਾ ਹੈ ਤਾਂ ਕਿ ਪਾਠਕਾਂ ਨੂੰ ਅਰਥ ਤੇ ਭਾਵ ਸਮਝਣ ਵਿਚ ਔਕੜ ਪੇਸ਼ ਨਾ ਆਵੇ।

ਅਰਥ ਦੇਖਣ ਲਈ ਢੰਗ ਇਹ ਹੈ ਕਿ ਮੂਲ ਪਾਠ ਵਿਚ ੧-੨ ਅੰਕ ਲਾ ਕੇ ਉਹੀ ਅੰਕ ਥੱਲੇ ਦੇ ਕੇ ਬਰੀਕ ਅੱਖਰਾਂ ਵਿਚ ਅਰਥ ਦਿੱਤੇ ਹਨ। ਜਿਥੇ ਸਾਰੀ ਪੰਗਤੀ ਦਾ ਅਰਥ ਹੋਵੇਗਾ ਉਥੇ ਮੂਲ ਪਾਠ ਦੇ ਆਰੰਭ ਵਿਚ ਅਕ ਦਿੱਤਾ ਹੈ ਅਤੇ ਜਿਥੇ ਕੇਵਲ ਪਦ-ਅਰਥ ਹੈ ਓਥੇ ਪਦ ਦੇ ਅੰਤ ਵਿਚ ਅੰਕ ਹੈ।

# 'ਬਚਿੱਤ੍ਰ ਨਾਟਕ' ਨਾਮ ਕਿਉਂ ?

ਜਿਸ ਗ੍ਰੰਥ ਵਿਚੋਂ ਇਹ ਸੰਚਯ ਲੀਤਾ ਗਿਆ ਹੈ ਉਸ ਗ੍ਰੰਥ ਦਾ ਨਾਮ ਬਚਿੱਤ੍ਰ ਨਾਟਕ' ਹੈ। ਇਸ ਗ੍ਰੰਥ ਦੇ ਪ੍ਰਾਰੰਭ ਤੋਂ ਪਹਿਲੇ ਸ੍ਰੀ ਅਕਾਲ ਉਸਤਤਿ ਵਿਚ ਸਤਿਗੁਰਾਂ ਨੇ ਆਤਮਾ ਤੇ ਮਤਿ ਦੀ ਪ੍ਰਸ਼ਨੋਤਰੀ ਵਿਚ ਕਥਨ ਕੀਤਾ ਹੈ :-

 www.sikhbookclub.com

ਏਕ ਸਮੈ ਸ੍ਰੀ ਆਤਮਾ ਉਚਰਿਉ ਮਤਿ ਸਿਉ ਬੈਨ ॥
ਸਭ ਪ੍ਰਤਾਪ ਜਗਦੀਸ ਕੋ ਕਹੋ ਸਕਲ ਬਿਧਿ ਤੈਨ ॥

ਇਸ ਪ੍ਰਸ਼ਨ ਦੇ ਉੱਤਰ (ਵਿਚ ਇਸੀ ਸੰਚਯ ਦੇ ਦੂਜੇ ਅਧਿਆਏ ਵਿਚ) ਸਤਿਗੁਰੂ ਜੀ ਫੁਰਮਾਉਂਦੇ ਹਨ :—

ਸੂਛਮ ਰੂਪ ਨ ਬਰਨਾ ਜਾਈ ॥
ਬ੍ਰਿਧ ਸਰੂਪਹਿ ਕਹੋ ਬਨਾਈ ॥

ਅਰਥਾਤ ਨਿਰਗੁਣ ਅਵਿਯਕਤ ਸਰੂਪ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, ਇਸ ਲਈ ਉਸ ਨੂੰ ਛੱਡ ਕੇ ਬ੍ਰਿਧ ਸਰੂਪ ਸਰਗੁਣ ਵਿਅਕਤੀ ਰੂਪ ਦਾ ਹੀ ਵਰਨਣ ਕਰਦਾ ਹੈ—"ਆਪੀਨੈ ਆਪ ਸਾਜਿਓ ਆਪੀਨੈ ਰਚਿਓ ਨਾਉ ॥" ਦੇ ਹੁਕਮ ਅਨੁਸਾਰ ਵਾਹਿਗੁਰੂ ਆਪਣੇ ਆਪ ਵਿਚ ਨਿਰਗੁਣ ਸਰੂਪ ਹੈ ਅਤੇ ਸ੍ਰਿਸ਼ਟੀ ਰੂਪ ਵਿਚ ਉਹ ਸਰਗੁਣ ਸਰੂਪ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਨਿਰਗੁਣ ਸਰੂਪ ਨੂੰ 'ਅਕਾਲ' ਅਤੇ ਸਰਗੁਣ ਸਰੂਪ ਨੂੰ 'ਕਾਲ' ਕਰ ਕੇ ਬਿਆਨ ਕੀਤਾ ਹੈ। ਉਸੀ ਕਾਲ ਦੀ ਹੱਦ ਅੰਦਰ ਸ੍ਰਿਸ਼ਟੀ ਦੀ ਉਤਪਤੀ, ਪਾਲਣਾ ਤੇ ਸੰਘਾਰ ਆਦਿ ਦਾ ਅਦਭੁਤ ਤੇ ਵਿਚਿਤ੍ਰ ਖੇਲ ਖੇਲਿਆ ਜਾਂਦਾ ਹੈ। ਇਸ ਖੇਲ ਨੂੰ ਖੇਲਣ ਵਾਲੇ ਅਨੇਕਾਂ ਪਾਂਤ੍ਰ ਰਿਸ਼ੀ, ਮੁਨੀ ਪੀਰ-ਪੈਗੰਬਰ, ਅਵਤਾਰ ਤੇ ਉਪ-ਅਵਤਾਰ ਆਦਿ ਆਏ, ਜਿਹਨਾਂ ਨੂੰ ਖੇਲ ਖੇਲ੍ਹਦਿਆਂ ਆਪਣਾ ਅਸਲਾ ਭੁੱਲ ਗਿਆ ਤੇ ਆਪ ਨੂੰ ਹੀ ਖੇਲਾਵਾਨ ਸਮਝ ਲਿਆ। ਜਗਤ-ਤਮਾਸ਼ੇ ਨੂੰ ਵੇਖਣ ਆਏ (ਦੇਖਣ ਆਯੋ ਜਗਤ ਤਮਾਸਾ) ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਅਦਭੁਤ ਖੇਲ ਨੂੰ ਸਵਿਸਚਾਰ ਵਰਨਣ ਕੀਤਾ ਹੈ। ਇਸੇ ਲਈ ਇਸ ਮਹਾਨ ਗ੍ਰੰਥ ਦਾ ਨਾਮ ਹੈ 'ਬਚਿੱਤ ਨਾਟਕ'।

**ਹਰਭਜਨ ਸਿੰਘ (ਸੰਤ)**


www.sikhbookclub.com

ੴ ਸਤਿਗੁਰ ਪ੍ਰਸਾਦਿ ॥

# ਅਥ

# ਬਚਿੱਤ੍ਰ ਨਾਟਕ ਗ੍ਰੰਥ ਲਿਖਯਤੇ ॥

ਤ੍ਵ ਪ੍ਰਸਾਦਿ ॥ ਸ੍ਰੀ ਮੁਖਬਾਕ ਪਾਤਸ਼ਾਹੀ ੧੦ ॥

ਦੋਹਰਾ ॥

**ਨਮਸਕਾਰ ਸ੍ਰੀ ਖੜਗ[੧] ਕੋ**
**ਕਰੌ ਸੁ ਹਿਤੁ ਚਿਤ ਲਾਇ ॥**
**ਪੂਰਨ ਕਰੌ ਗਿਰੰਥ ਇਹ**
**ਤੁਮ ਮੁਹਿ ਕਰਹੁ ਸਹਾਇ ॥੧॥**

ਤ੍ਰਿਭੰਗੀ ਛੰਦ ॥ ਸ੍ਰੀ ਕਾਲ[੨] ਜੀ ਕੀ ਉਸਤਤਿ ॥

**ਖਗਖੰਡ[੩] ਬਿਹੰਡੰ* ਖਲ[੪] ਦਲ ਖੰਡੰ**
**ਅਤਿ ਰਣ ਮੰਡੰ[੫] ਬਰਬੰਡੰ[੬] ॥**
**[੭]ਭੁਜਦੰਡ ਅਖੰਡੰ ਤੇਜ ਪ੍ਰਚੰਡੰ**

---

੧ਭਗੌਤੀ। ੨ਮਾਰਨ ਵਾਲੀ ਸ਼ਕਤੀ। ੩ਕਟ ਕੇ ਖਿਲਾਰ ਦੇਣ ਵਾਲੀ ਖੜਗ ਦੀ (ਜੈ ਹੋਵੇ)। ੪ਵੈਰੀ ਦਲ ਨੂੰ ਵਢਣ ਵਾਲੀ। ੫ ਮਚਾਉਣ ਵਾਲੀ। ੬ਬਲਵਾਨ। ੭ ਨਾ ਟੁਟਣ ਵਾਲੇ ਡੌਲੇ।

*ਇਸ ਛੰਦ ਵਿਚ ਜੋ ਪਦ—ਅੰਤ ਟਿੱਪੀ ਆਉਂਦੀ ਹੈ, ਉਹ 'ਦੀ' (ਜੈ ਹੋਵੇ) ਲਫ਼ਜ਼ ਦੀ ਸੂਚਕ ਹੈ।

 www.sikhbookclub.com

ਜੋਤਿ[੧] ਅਮੰਡੰ ਭਾਨ[੨] ਪ੍ਰਭੰ ॥
ਸੁਖ ਸੰਤਹ ਕਰਣੰ ਦੁਰਮਤਿ ਦਰਣੰ
ਕਿਲਬਿਖ[੩] ਹਰਣੰ ਅਸ[੪] ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ
ਮਮ ਪ੍ਰਤਿਪਾਰਣ ਜੈ ਤੇਗੰ ॥ ੨ ॥

ਭੁਜੰਗ ਪ੍ਰਯਾਤ ਛੰਦ ॥

ਸਦਾ ਏਕ ਜੋਤਯੰ* ਅਜੂਨੀ ਸਰੂਪੰ ॥
ਮਹਾਂਦੇਵ ਦੇਵੰ ਮਹਾ ਭੂਪ[੫] ਭੂਪੰ ॥
ਨਿਰੰਕਾਰ ਨਿਤਿਯੰ ਨਿਰੂਪੰ[੬] ਨ੍ਰਿਬਾਣੰ[੭] ॥
ਕਲੰਕਾਰਣੇਅੰ[੮] ਨਮੋ [੯]ਖੜਗ ਪਾਣੰ ॥ ੩ ॥
ਨਿਰੰਕਾਰ ਨ੍ਰਿਬਕਾਰ ਨਿਤਿਯੰ ਨਿਰਾਲੰ ॥
ਨ ਬ੍ਰਿਧੰ[੧੦] ਬਿਸੇਖੰ ਨ ਤਰਨੰ[੧੧] ਨ ਬਾਲੰ ॥
ਨ ਰੰਕੰ ਨ ਰਾਯੰ ਨ ਰੂਪੰ ਨ ਰੇਖੰ ॥
ਨਾ ਰੰਗੰ ਨ ਰਾਗੰ ਅਪਾਰੰ ਅਭੇਖੰ ॥ ੪ ॥
ਨ ਰੂਪੰ ਨ ਰੇਖੰ ਨ ਰੰਗੰ ਨਾ ਰਾਗੰ ॥

---

੧ਅਬੁਝ ਜੋਤਿ । ੨ਸੂਰਜ ਦੀ ਸੋਭਾ । ੩ਪਾਪ । ੪ਭਗੌਤੀ । ੫ਰਾਜਿਆਂ ਦਾ ਰਾਜਾ । ੬ਰੂਪ-ਹੀਣ । ੭ਬੇ-ਆਦਤ । ੮ਸ਼ਕਤੀ ਦਾ ਕਾਰਨ । ੯ਖੜਗਧਾਰੀ । ੧੦ਬਹੁਤ ਬੁੱਢਾ । ੧੧ਜੁਆਨ । *ਟਿੱਪੀ 'ਨੂੰ' (ਨਮੋ) ਦੀ ਸੂਚਕ ਹੈ ।


www.sikhbookclub.com

ਨ ਨਾਮੰ ਨ ਠਾਮੰ[1] ਮਹਾਂ ਜੋਤ ਜਾਗੰ ॥
ਨ ਦ੍ਵੈਖੰ ਨ ਭੇਖੰ ਨਿਰੰਕਾਰ ਨਿਤ੍ਯੰ ॥
ਮਹਾ ਜੋਗ ਜੋਗੰ ਸੁ ਪਰਮੰ ਪਵਿਤ੍ਯੰ ॥੫॥
ਅਜੇਯੰ[2] ਅਭੇਯੰ[3] ਅਨਾਮੰ ਅਠਾਮੰ ॥
ਮਹਾਂ ਜੋਗ ਜੋਗੰ ਮਹਾਂ ਕਾਮ ਕਾਮੰ ॥
ਅਲੇਖੰ ਅਭੇਖੰ ਅਨੀਲੰ[4] ਅਨਾਦੰ ॥
ਪਰੇਯੰ[5] ਪਵਿਤ੍ਰੰ ਸਦਾ ਨ੍ਰਿਬਖਾਦੰ[6] ॥੬॥
ਸੁ ਆਦੰ ਅਨਾਦੰ ਅਨੀਲੰ ਅਨੰਤੰ ॥
ਅਦ੍ਵੈਖੰ ਅਭੇਖੰ ਮਹੇਸੰ ਮਹੰਤੰ[7] ॥
ਨ ਰੋਖੰ ਨ ਸੋਖੰ[8] ਨ ਦ੍ਰੋਹੰ ਨ ਮੋਹੰ ॥
ਨ ਕਾਮੰ ਨ ਕ੍ਰੋਧੰ ਅਜੋਨੀ ਅਜੋਹੰ[9] ॥੭॥
ਪਰੇਯੰ ਪਵਿਤ੍ਰੰ ਪੁਨੀਤੰ ਪੁਰਾਣੰ[10] ॥
ਅਜੇਯੰ ਅਭੇਯੰ ਭਵਿਖ੍ਯੰ ਭਵਾਣੰ[11] ॥
ਨ ਰੋਗੰ ਨ ਸੋਗੰ ਸੁ ਨਿਤ੍ਯੰ ਨਵੀਨੰ ॥

---

੧ਥਾਂ । ੨ਅਜਿਤ । ੩ਨਿਰਭੈ । ੪ਅ-ਗਿਣਤ । ੫ ਸਭ ਤੋਂ ਪਰੇ ।
੬ਝਗੜਿਆਂ ਰਹਿਤ । ੭ਉੱਤਮ । ੮ਨਾ ਸੁਕਣ ਵਾਲਾ ।
੯ਨਾ ਦਿਸਣ ਵਾਲਾ । ੧੦ਪੁਰਾਣਾ । ੧੧ਗੁਜ਼ਰ ਰਿਹਾ ਸਮਾਂ ।

 www.sikhbookclub.com

ਅਜਾਯੰ[੧] ਸਹਾਯੰ ਪਰਮੰ ਪ੍ਰਬੀਨੰ ॥ ੮ ॥
ਸੁ ਭੂਤੰ ਭਵਿਖੰ ਭਵਾਨੰ[੨] ਭਵੇਯੰ[੩] ॥
ਨਮੋ ਨ੍ਰਿਬਿਕਾਰੰ ਨਮੋ ਨ੍ਰਿਜੁਰੇਯੰ[੪] ॥
ਨਮੋ ਦੇਵ ਦੇਵੰ ਨਮੋ ਰਾਜ ਰਾਜੰ ॥
ਨਿਰਾਲੰਬ ਨਿਤਯੰ ਸੁ ਰਾਜਾਧਿਰਾਜੰ[੫] ॥੯॥
ਅਲੇਖੰ ਅਭੇਖੰ ਅਭੂਤੰ[੬] ਅਦ੍ਵੈਖੰ ॥
ਨ ਰਾਗੰ[੭] ਨ ਰੰਗੰ ਨ ਰੂਪੰ ਨ ਰੇਖੰ ॥
ਮਹਾਂਦੇਵ ਦੇਵ ਦੇਵੰ ਮਹਾਂ ਜੋਗ ਜੋਗੰ ॥
ਮਹਾਂ ਕਾਮ ਕਾਮੰ ਮਹਾ ਭੋਗ ਭੋਗੰ ॥੧੦॥
ਕਹੂੰ ਰਾਜਸੰ[੮] ਤਾਮਸੰ[੯] ਸਾਂਤਕੇਯੰ[੧੦] ॥
ਕਹੂੰ ਨਾਰ ਕੋ ਰੂਪ ਧਾਰੇ ਨਰੇਅੰ[੧੧] ॥
ਕਹੂੰ ਦੇਵੀਯੰ ਦੇਵਤੰ ਦਈਤ ਰੂਪੰ ॥
ਕਹੂੰ ਰੂਪ ਆਨੇਕ ਧਾਰੇ ਅਨੂਪੰ ॥੧੧॥
ਕਹੂੰ[੧੨] ਫੂਲ ਹ੍ਵੈ ਕੇ ਭਲੇ ਰਾਜ ਫੂਲੇ ॥

---

੧ਅਜਨਮਾ । ੨ਹੈ ਭੀ । ੩ਇਹ ਹੰਦਾ ਹੈ । ੪ਰੋਗ ਰਹਿਤ । ੫ ਰਾਜਿਆਂ ਦਾ ਰਾਜਾ । ੬ਤੱਤਾਂ ਤੋਂ ਬਿਨਾਂ । ੭ਪ੍ਰੇਮ । ੮ਰਜੋ ਗੁਣ । ੯ਤਮੋ ਗੁਣ । ੧੦ਸਤੋ ਗੁਣ । ੧੧ਪੁਰਖ । ੧੨ਕਿਧਰੇ ਫੁਲ ਹੋ ਕੇ ਖਿੜਿਆ ਤੇ ਸਜਿਆ ਹੈ ।


www.sikhbookclub.com

ਕਹੂੰ ਭਵਰ[੧] ਹ੍ਵੈ ਕੈ ਭਲੀ ਭਾਂਤਿ ਭੂਲੇ[੨] ॥
ਕਹੂੰ ਪਵਨ ਹ੍ਵੈ ਕੈ ਬਹੇ ਬੇਗ ਐਸੇ ॥
ਕਹੂੰ ਮੋ ਨ ਆਵੈ ਕਥੌ ਤਾਹਿ ਕੈਸੇ ॥੧੨॥
ਕਹੂੰ ਨਾਦ[੩] ਹ੍ਵੈ ਕੈ ਭਲੀ ਭਾਂਤਿ ਬਾਜੇ ॥
ਕਹੂੰ ਪਾਰਧੀ[੪] ਹ੍ਵੈ ਧਰੇ ਬਾਨ ਰਾਜੇ ॥
[੫]ਕਹੂੰ ਮ੍ਰਿਗ ਹ੍ਵੈ ਕੈ ਭਲੀ ਭਾਂਤਿ ਮੋਹੇ ॥
ਕਹੂੰ ਕਾਮਕੀ[੬] ਜਿਉ ਧਰੇ ਰੂਪ ਸੋਹੇ ॥੧੩॥
ਨਹੀ ਜਾਨਿ ਜਾਈ ਕਛੂ ਰੂਪ ਰੇਖੰ ॥
ਕਹਾ ਬਾਸ ਤਾ ਕੋ ਫਿਰੈ ਕਉਨ ਭੇਖੰ ॥
ਕਹਾ ਨਾਮ ਤਾ ਕੋ ਕਹਾ[੭] ਕੈ ਕਹਾਵੈ ॥
ਕਹਾ ਮੈ ਬਖਾਨੋ ਕਹੇ ਮੋ ਨ ਆਵੈ ॥੧੪॥
ਨ ਤਾ ਕੋ ਕੋਈ ਤਾਤ[੮] ਮਾਤੰ ਨ ਭਾਯੰ[੯] ॥
ਨ ਪੁੱਤ੍ਰੰ ਨ ਪੌਤ੍ਰੰ ਨ ਦਾਯਾ[੧੦] ਨ ਦਾਯੰ[੧੧] ॥
ਨ ਨੇਹੰ ਨ ਗੇਹੰ[੧੨] ਨ ਸੈਨੰ ਨ ਸਾਥੰ ॥

---

੧ਭੌਰਾ। ੨ਭੁਲਿਆ। ੩ਘੰਡੇ ਹੇੜੇ ਦੀ ਅਵਾਜ਼। ੪ਸ਼ਿਕਾਰੀ। ੫ਹਰਨ ਹੋ ਕੇ ਉਸ ਅਵਾਜ਼ ਤੋਂ ਮੋਹਿਆ ਜਾਂਦਾ ਹੈ। ੬ਕਾਮ ਦੇਵ ਦੀ ਇਸਤਰੀ ਰਤੀ ਜਾਂ ਹਰਨੀ। ੭ਕੀ ਕਹਾਉਂਦਾ ਹੈ। ੮ਪਿਉ। ੯ਭਰਾ। ੧੦ਖਿਡਾਵਾ। ੧੧ਖਿਡਾਵੀ। ੧੨ ਪਕੜ।


www.sikhbookclub.com

ਮਹਾਂਰਾਜ ਰਾਜੰ ਮਹਾਂ ਨਾਥ ਨਾਥੰ ॥੧੫॥
ਪਰਮੰ ਪੁਰਾਨੰ ਪਵਿੱਤ੍ਰੰ ਪਰੇਯੰ ॥
ਅਨਾਦੰ ਅਨੀਲੰ ਅਸੰਭੰ[1] ਅਜੇਯੰ ॥
ਅਭੇਦੰ ਅਛੇਦੰ[2] ਪਵਿੱਤ੍ਰੰ ਪ੍ਰਮਾਥੰ[3] ॥
ਮਹਾਂ ਦੀਨ ਦੀਨੰ ਮਹਾ ਨਾਥ ਨਾਥੰ ॥੧੬॥
ਅਦਾਗੰ[4] ਅਦੱਗੰ[5] ਅਲੇਖੰ ਅਭੇਖੰ ॥
ਅਨੰਤੰ ਅਨੀਲੰ ਅਰੂਪੰ ਅਦ੍ਵੈਖੰ ॥
ਮਹਾਂ ਤੇਜ ਤੇਜੰ [6]ਮਹਾ ਜ੍ਵਾਲ ਜ੍ਵਾਲੰ ॥
ਮਹਾਂ ਮੰਤ੍ਰ ਮੰਤ੍ਰੰ ਮਹਾਂ ਕਾਲ ਕਾਲੰ ॥੧੭॥
[7]ਕਰੰਬਾਮ ਚਾਪਯੰ[8] ਕ੍ਰਿਪਾਣੰ ਕਰਾਲੰ[9] ॥
ਮਹਾ ਤੇਜ ਤੇਜੰ ਬਿਰਾਜੈ ਬਿਸਾਲੰ ॥
[10]ਮਹਾ ਦਾੜ੍ਹ ਦਾੜ੍ਹੰ ਸੁ ਸੋਹੰ ਅਪਾਰੰ ॥
ਜਿਨੈ ਚਰਬੀਯੰ[11] ਜੀਵ ਜੱਗਯੰ ਹਜਾਰੰ ॥੧੮॥
ਡਮਾਡੱਮ ਡਉਰੂ ਸਿਤਾਸੇਤ[12] ਛੱਤ੍ਰੰ ॥

---

੧ਅਜਨਮਾ। ੨ਕਟਿਆ ਨ ਜਾਣ ਵਾਲਾ। ੩ਬਲ਼ਵਾਨ। ੪ਕਲੰਕ ਬਿਨਾ। ੫ ਸਾੜੇ ਬਿਨਾ। ੬ਮਹਾਂ ਅਗਨੀ ਦੀ ਲਾਟ। ੭ਖੱਬੇ ਹੱਥ ਵਿਚ। ੮ਧਨੁਖ। ੯ਡਰੌਣੀ। ੧੦ਵੱਡੀਆਂ ਤੇ ਮਜ਼ਬੂਤ ਦਾੜ੍ਹਾਂ। ੧੧ਚੱਬ ਸੁਟੇ। ੧੨ਵਨ ਸੁਵੰਨਾ।

ਹਹਾ ਹੂਹ ਹਾਸੰ ਝਮਾ ਝੱਮ ਅੱਤ੍ਰੰ[੧] ॥
[੨]ਮਹਾ ਘੋਰ ਸਬਦੰ ਬਜੇ ਸੰਖ ਐਸੰ ॥
[੩]ਪ੍ਰਲੈਕਾਲ ਕੇ ਕਾਲ ਕੀ ਜ੍ਵਾਲ ਜੈਸੰ ॥੧੯॥

ਰਸਾਵਲ ਛੰਦ ॥

[੪]ਘਣੰ ਘੰਟ ਬਾਜੰ ॥ [੫]ਧੁਣੰ ਮੇਘ ਲਾਜੰ ॥
ਭਯੋ ਸੱਦ[੬] ਏਵੰ ॥ ਹੜਿਯੋ ਨੀਰਧੇਵੰ[੭]* ॥੨੦॥
[੮]ਘੁਰੰ ਘੁੰਘਰੇਯੰ ॥ ਧੁਣੰ ਨੇਵਰੇਯੰ[੯] ॥
[੧੦]ਮਹਾਂ ਨੱਦ ਨਾਦੰ ॥ ਸੁਰੰ ਨਿਰਬਿਖਾਦੰ[੧੧] ॥੨੧॥
[੧੨]ਸਿਰੰ ਮਾਲ ਰਾਜੰ ॥ ਲਖੇ ਰੁੱਦ੍ਰ ਲਾਜੰ ॥
ਸੁਭੇ[੧੩] ਚਾਰ ਚਿੱਤ੍ਰੰ ॥ ਪਰਮੰ ਪਵਿੱਤ੍ਰੰ ॥੨੨॥
ਮਹਾਂ ਗਰਜ ਗਰਜੰ ॥ [੧੪]ਸੁਣੇ ਦੂਤ ਲਰਜੰ ॥
[੧੫]ਸ੍ਰੂਵੰ ਸ੍ਰੋਣ ਸੋਹੰ ॥ ਮਹਾਂ ਮਾਨ ਮੋਹੰ ॥੨੩॥

---

੧ਅਸਤ੍ਰ । ੨ਸੰਖ ਵਜਣ ਦੀ ਐਸੀ ਡਰੌਣੀ ਆਵਾਜ਼ । ੩ਜਿਵੇਂ ਪ੍ਰਲੈਕਾਲ ਦੀ ਕਾਲ-ਅਗਨੀ ਹੈ । ੪ਬਹੁਤ ਘੰਟੇ ਵਜਦੇ ਹਨ । ੫ ਬੱਦਲਾਂ ਦੀ ਆਵਾਜ਼ । ੬ਸ਼ਬਦ । ੭ਸਮੁੰਦਰ । ੮ਘੁੰਘਰੂਆਂ ਦੀ ਘਨਘੋਰ । ੯ਝਾਂਝਰਾਂ ਦੀ । ੧੦ਬੜੀ ਅਵਾਜ਼ । ੧੧ਇਕ ਰਸ । ੧੨ਸਿਰਾਂ ਦੀ ਮਾਲਾ ਬਿਰਾਜਦੀ ਹੈ । ੧੩ਸੁੰਦਰ ਮੂਰਤੀ । ੧੪ਸੁਣ ਕੇ ਦੁਸ਼ਟ ਕੰਬ ਜਾਂਦੇ ਹਨ । ੧੫ ਲਹੂ ਚੋਂਦਾ ਸ਼ੋਭਦਾ ਹੈ । *ਨੀਰਧ+ਏਵੰ ।

ਭੁਜੰਗ ਪ੍ਰਯਾਤ ਛੰਦ ॥

ਸ੍ਰਿਜੇ ਸੇਤਜੰ ਜੇਰਜੰ ਉਤਭੁਜੇਵੰ ॥
ਰਚੇ ਅੰਡਜੰ ਖੰਡ ਬ੍ਰਹਮੰਡ ਏਵੰ ॥
ਦਿਸਾ ਬਿਦਿਸਾਯੰ ਜਿਮੀ ਆਸਮਾਣੰ ॥
ਚਤ੍ਰ ਬੇਦ ਕਥਿਯੰ ਕੁਰਾਣੰ ਪੁਰਾਣੰ ॥੨੪॥
ਰਚੇ ਰੈਣ ਦਿਵਸੰ ਥਪੇ ਸੂਰ ਚੰਦ੍ਰੰ ॥
ਠਟੇ[1] ਦਈਵ ਦਾਨੋ ਰਚੇ ਬੀਰ ਬ੍ਰਿੰਦੰ ॥
ਕਰੀ[2] ਲੋਹਕਲਮੰ[3] ਲਿਖਿਯੋ ਲੇਖ ਮਾਥੰ ॥
ਸਬੈ ਜੇਰ[4] ਕੀਨੇ ਬਲੀ ਕਾਲ ਹਾਥੰ ॥੨੫॥
ਕਈ ਮੇਟ ਡਾਰੇ ਉਸਾਰੇ ਬਨਾਏ ॥
ਉਪਾਰੇ[5] ਗਜੇ[6] ਫੇਰ ਮੇਟੇ ਉਪਾਏ ॥
ਕ੍ਰਿਆ ਕਾਲ ਜੂ ਕੀ ਕਿਨੂ ਨ ਪਛਾਨੀ ॥
ਘਨਯੋ ਪੈ ਬਿਹੈ ਹੈ[7] ਘਨਯੋ ਪੈ ਬਿਹਾਨੀ ॥੨੬॥
ਕਿਤੇ ਕ੍ਰਿਸਨ ਸੇ ਕੀਟ ਕੋਟ ਬਨਾਏ ॥
ਕਿਤੇ ਰਾਮ ਸੇ ਮੇਟ ਡਾਰੇ ਉਪਾਏ ॥

---

੧ਬਨਾਏ । ੨ਬਹੁਤੇ । ੩ਲੋਹੇ ਦੀ ਕਲਮ । ੪ਅਧੀਨ ੫ਜੜ੍ਹੋਂ ਪੁਟ ਸੁਟ । ੬ਬਨਾਏ । ੭ਬੀਤੇਗੀ ।

ਮਹਾਦੀਨ[1] ਕੇਤੇ ਪ੍ਰਿਥੀ ਮਾਂਝ ਹੂਏ ॥
ਸਮੈ ਆਪਨੀ ਆਪਨੀ ਅੰਤ ਮੂਏ ॥੨੭॥
ਜਿਤੇ ਔਲੀਆ ਅੰਬੀਆ ਹੁਇ ਬੀਤੇ ॥
[2]ਤਿਤਿਯੋ ਕਾਲ ਜੀਤਾ ਨ ਤੇ ਕਾਲ ਜੀਤੇ ॥
ਜਿਤੇ ਰਾਮ ਸੇ ਕ੍ਰਿਸਨ ਹੁਇ ਬਿਸਨੁ ਆਏ ॥
ਤਿਤਿਯੋ ਕਾਲ ਖਾਪਯੋ ਨ ਤੇ ਕਾਲ ਘਾਏ॥੨੮॥
ਜਿਤੇ ਇੰਦ੍ਰ ਸੇ ਚੰਦ੍ਰ ਸੇ ਹੋਤ ਆਏ ॥
ਤਿਤਯੋ ਕਾਲ ਖਾਪਾ ਨ ਤੇ ਕਾਲ ਘਾਏ ॥
ਜਿਤੇ ਔਲੀਆ ਅੰਬੀਆ ਗੌਸ[3] ਹ੍ਵੈ ਹੈਂ ॥
ਸਭੈ ਕਾਲ ਕੇ ਅੰਤ[4] ਦਾੜ੍ਹਾ ਤਲੈ ਹੈਂ ॥੨੯॥
ਜਿਤੇ ਮਾਨਧਾਤਾਦਿ[5] ਰਾਜਾ ਸੁਹਾਏ ॥
ਸਭੈ ਬਾਂਧ ਕੈ ਕਾਲ ਜੇ ਲੈ[6] ਚਲਾਏ ॥
ਜਿਨੈ ਨਾਮ ਤਾ ਕੋ ਉਚਾਰੋ ਉਬਾਰੇ[7] ॥
ਬਿਨਾ ਸਾਮ[8] ਤਾ ਕੀ ਲਖੇ ਕੋਟ ਮਾਰੇ ॥੩੦॥

---

੧ਮੁਹੰਮਦ ਸਾਹਿਬ। ੨ਉਹਨਾਂ ਨੂੰ ਕਾਲ ਨੇ ਜਿਤ ਲਿਆ, ਉਹ ਕਾਲ ਨੂੰ ਨਾ ਜਿੱਤ ਸਕੇ। ੩ਸਿਧ ਫਕੀਰ। ੪ਦਾੜ੍ਹਾਂ ਥਲੇ ਹਨ। ੫ ਇਕ ਸੂਰਜ ਵੰਸ਼ੀ ਰਾਜਾ। ੬ਜੇਲ੍ਹ ਖਾਨਾ। ੭ਬਚਾ ਲਏ। ੮ਸ਼ਰਨ।

 www.sikhbookclub.com

ਰਸਾਵਲ ਛੰਦ ॥ ਤ੍ਵ ਪ੍ਰਸਾਦਿ ॥

ਚਮੱਕਹਿ ਕ੍ਰਿਪਾਣੰ ॥ [1]ਅਭੂਤੰ ਭਯਾਣੰ ॥
ਧੁਣੰ ਨੇਵਰਾਣੰ ॥ ਘੁਰੰ ਘੁੰਘ੍ਰਯਾਣੰ ॥੩੧॥
ਚਤੁਰ ਬਾਂਹ ਚਾਰੰ ॥ ਨਿਜੂਟੰ[2] ਸੁਧਾਰੰ ॥
ਗਦਾ ਪਾਸ ਸੋਹੰ ॥ ਜਮੰ ਮਾਨ ਮੋਹੰ ॥੩੨॥
ਸੁਭੰ[3] ਜੀਭ ਜਾਲੰ ॥ ਸੁ ਦਾੜ੍ਹਾ ਕਰਾਲੰ ॥
ਬਜੀ ਬੰਬ[4] ਸੰਖੰ ॥ ਉਠੇ ਨਾਦ ਬੰਖੰ[5] ॥੩੩॥
ਸੁਭੰ ਰੂਪ ਸ੍ਯਾਮੰ ॥ ਮਹਾਂ ਸੋਭ ਧਾਮੰ ॥
ਛਬੇ ਚਾਰ ਚਿੱਤ੍ਰੰ ॥ ਪਰੇਯੰ ਪਵਿੱਤ੍ਰੰ ॥੩੪॥

ਭੁਜੰਗ ਪ੍ਰਯਾਤ ਛੰਦ ॥

ਸਿਰੰ ਸੇਤ ਛੱਤ੍ਰੰ ਸੁ ਸੁਭੰ[6] ਬਿਰਾਜੰ ॥
ਲਖੈ ਛੈਲ ਛਾਯਾ ਕਰੇ ਤੇਜ ਲਾਜੰ ॥
ਬਿਸਾਲਾਲ[7] ਨੈਨੰ ਮਹਾਂਰਾਜ ਸੋਹੰ ॥
ਢਿਗੰ ਅੰਸੁਮਾਲੰ[8] ਹਸੰ ਕੋਟ ਕ੍ਰੋਹੰ ॥੩੫॥
ਕਹੂੰ ਰੂਪ ਧਾਰੇ ਮਹਾਰਾਜ ਸੋਹੰ ॥

---

੧ਅਨੋਖੀ ਤੇ ਡਰੌਣੀ । ੨ਪੀਡਾ ਜੂੜਾ । ੩ਅੱਗ ਵਾਂਗ ਲਾਲ ਜੀਭ । ੪ਤਮੁੱਚੀ ਆਵਾਜ਼ । ੫ ਸਮੁੰਦਰ । ੬ਸੁੰਦਰ, ਚਮਕੀਲਾ । ੭ਵਡੇ ਤੇ ਲਾਲ । ੮ਸੂਰਜ ।

 www.sikhbookclub.com

ਕਹੂੰ ਦੇਵ ਕੰਨਿਆਨ ਕੇ ਮਾਨ ਮੋਹੈਂ ॥
ਕਹੂੰ ਬੀਰ ਹ੍ਵੈ ਕੈ ਧਰੈ ਬਾਨ ਪਾਨੰ ॥
ਕਹੂੰ ਭੂਪ ਹ੍ਵੈ ਕੈ ਬਜਾਏ ਨਿਸਾਨੰ ॥੩੬॥

ਰਸਾਵਲ ਛੰਦ ॥

ਧਨੁਰ ਬਾਨ ਧਾਰੇ ॥ ਛਕੇ ਛੈਲ ਭਾਰੇ ॥
ਲਏ ਖੱਗ ਐਸੇ ॥ ਮਹਾਂ ਬੀਰ ਜੈਸੇ ॥੩੭॥
ਜੁਰੇ ਜੰਗ ਜੋਰੰ ॥ ਕਰੇ ਜੁੱਧ ਘੋਰੰ ॥
ਕ੍ਰਿਪਾ ਨਿਧਿ ਦਿਆਲੰ॥ਸਦਾਯੰ ਕ੍ਰਿਪਾਲੰ॥੩੮॥
ਸਦਾ ਏਕ ਰੂਪੰ ॥ ਸਭੈ ਲੋਕ ਭੂਪੰ ॥
ਅਜੇਯੰ ਅਜਾਯੰ ॥ ਸਰਨਯੰ ਸਹਾਯੰ ॥੩੯॥
ਤਪੈ[1] ਖੱਗ ਪਾਨੰ ॥ ਮਹਾਂ ਲੋਕ ਦਾਨੰ ॥
ਭਵਿਖਯੰ ਭਵੇਅੰ॥ [2]ਨਮੋ ਨਿਰਜੁਰੇਅੰ ॥੪੦॥
ਮਧੋ[3] ਮਾਨ ਮੁੰਡੰ[4] ॥ ਸੁਭੰ ਰੁੰਡ[5] ਝੁੰਡੰ ॥
ਸਿਰੰ ਸੇਤ ਛੱਤ੍ਰੰ ॥ ਲਸੰ ਹਾਥ ਅੱਤ੍ਰੰ ॥੪੧॥
ਸੁਣੇ ਨਾਦ ਭਾਰੀ ॥ ਤ੍ਰਸੇ[6] ਛੱਤ੍ਰ ਧਾਰੀ ॥

---

੧ਚਮਕਦੀ ਹੈ। ੨ਨਿਰਲੇਪ। ੩ਮਧੂ ਦੈਂਤ। ੪ਹੰਕਾਰ ਦੂਰ ਕੀਤਾ।
੫ ਸਿਰ। ੬ਕੰਬਦੇ।

ਦਿਸਾ[1] ਬਸਤ੍ਰ ਰਾਜੰ ॥ ਸੁਣੇ ਦੋਖ ਭਾਜੰ ॥੪੨॥
ਸੁਣੇ ਗੱਦ ਸੱਦੰ ॥ ਅਨੰਤੰ ਬਿਹੱਦੰ ॥
ਘਟਾ ਜਾਨ ਸਯਾਮੰ ॥ ਦੁਤੰ ਅਭਿਰਾਮੰ॥੪੩॥
ਚਤੁਰ ਬਾਹ ਚਾਰੰ ॥ [2]ਕਰੀਟੰ ਸੁਧਾਰੰ ॥
ਗਦਾ ਸੰਖ ਚੱਕ੍ਰੰ ॥ ਦਿਪੈ ਕ੍ਰੂਰ ਬੱਕ੍ਰੰ ॥੪੪॥

ਨਰਾਜ ਛੰਦ ॥

ਅਨੂਪ ਰੂਹ ਰਾਜਿਯੰ ॥
ਨਿਹਾਰ ਕਾਮ ਲਾਜਿਯੰ ॥
ਅਲੋਕ ਲੋਕ ਸੋਭਿਯੰ ॥
ਬਿਲੋਕ ਲੋਕ ਲੋਭਿਯੰ ॥੪੫॥
ਚਮੱਕ ਚੰਦ੍ਰ ਸੀਸਿਯੰ ॥
ਰਹਯੋ ਲਜਾਇ ਈਸਿਯੰ ॥
ਸੁ ਸੋਭ ਨਾਗ ਭੂਖਣੰ ॥
ਅਨੇਕ ਦੁਸਟ ਦੂਖਣੰ ॥੪੬॥
ਕ੍ਰਿਪਾਨ ਪਾਨ ਧਾਰੀਯੰ ॥
ਕਰੋਰ ਪਾਪ ਟਾਰੀਯੰ ॥

---

੧ਦਿਸ਼ਾ ਦੇ ਕਪੜੇ ਭਾਵ ਨੰਗੇ ।      ੨ਮੁਕਟ ।

ਗਦਾ ਗ੍ਰਿਸਟ[1] ਪਾਨਿਯੰ ॥
ਕਮਾਣ ਬਾਣ ਤਾਨਿਅੰ ॥੪੭॥
ਸਬਦ ਸੰਖ ਬੱਜਿਅੰ ॥
ਘਣੰਕਿ[2] ਘੁੰਘਰ ਗੱਜਿਅੰ ॥
ਸਰਨਿ ਨਾਥ ਤੋਰੀਅੰ ॥
ਉਬਾਰ ਲਾਜ ਮੋਰੀਅੰ ॥੪੮॥
ਅਨੇਕ ਰੂਪ ਸੋਹੀਅੰ ॥
ਬਿਸੇਖ ਦੇਵ ਮੋਹੀਅੰ ॥
ਅਦੇਵ ਦੇਵ ਦੇਵਲੰ[3] ॥
ਕ੍ਰਿਪਾ ਨਿਧਾਨ ਕੇਵਲੰ ॥੪੯॥
ਸੁ ਆਦਿ ਅੰਤ ਏਕਿਅੰ ॥
ਧਰੇ ਸਰੂਪ ਅਨੇਕਿਅੰ ॥
ਕ੍ਰਿਪਾਣ ਪਾਣ[4] ਰਾਜਈ ॥
ਬਿਲੋਕ ਪਾਪ ਭਾਜਈ ॥੫੦॥
ਅਲੰਕ੍ਰਿਤੰ[5] ਸੁ ਦੇਹਯੰ ॥

---

੧ਭਾਰੀ। ੨ਬੱਦਲ ਗੱਜਿਆ ਹੈ। ੩ਮੰਦਰ। ੪ਹੱਥ ਵਿਚ ਬਿਰਾਜਦੀ ਹੈ। ੫ ਸ਼ਿੰਗਾਰੀ ਹੋਈ।

ਤਨੋ ਮਨੋ ਕਿ ਮੌਹਿਯੰ ॥
ਕਮਾਣ ਬਾਣ ਧਾਰਹੀ ॥
ਅਨੇਕ ਸਤ੍ਰੁ ਟਾਰਹੀ ॥ ੫੧ ॥
ਘਮੰਕ[1] ਘੁੰਘਰੰ ਸੁਰੰ ॥
ਨਵੰ ਨਨਾਦ[2] ਨੂਪਰੰ ॥
[3]ਪ੍ਰਜੂਾਲ ਬਿਜੁਲੰ ਜੁਲੰ ॥
ਪਵਿਤ੍ਰ ਪਰਮ ਨਿਰਮਲੰ ॥ ੫੨ ॥

ਤੋਟਕ ਛੰਦ ॥ ਤ੍ਵ ਪ੍ਰਸਾਦਿ ॥

ਨਵ ਨੇਵਰ ਨਾਦ ਸੁਰੰ ਨ੍ਰਿਮਲੰ ॥
ਮੁਖ ਬਿਜੁਲ ਜੁਆਲ ਘਣੰ[4] ਪ੍ਰਜਲੰ[5] ॥
ਮਦਰਾ ਕਰ ਮੱਤ ਮਹਾਂ ਭਭਕੰ ॥
ਬਨ ਮੈ ਮਨੋ ਬਾਘ ਬਚਾ ਬਬਕੰ ॥੫੩॥
ਭਵ ਭੂਤ ਭਵਿਖ ਭਵਾਨ ਭਵੰ ॥
ਕਲਿ ਕਾਰਣ ਉਬਾਰਣ ਏਕ ਤੁਵੰ ॥
ਸਭ ਠੌਰ ਨਿਰੰਤਰ ਨਿਤ ਨਯੰ ॥
ਮ੍ਰਿਦ ਮੰਗਲ ਰੂਪ ਤੁਯੰ ਸੁਭਯੰ ॥੫੪॥

---

੧ਘੁਮਕਾਰ, ਅਵਾਜ਼। ੨ਅਨੋਖੀ ਅਵਾਜ਼। ੩ ਤੇਜ਼ ਅੱਗ ਤੇ ਬਿਜਲੀ ਦਾ ਪ੍ਰਕਾਸ਼। ੪ਬੱਦਲ। ੫ ਲਿਸ਼ਕਦੀ ਹੈ।

ਦ੍ਰਿੜ ਦਾੜ ਕਰਾਲ ਦ੍ਵੈ ਸੇਤ ਉਧੰ[1] ॥
ਜਿਹ ਭਾਜਤ ਦੁਸਟ ਬਿਲੋਕ ਜੁੱਧੰ ॥
ਮਦ[2] ਮੱਤ ਕ੍ਰਿਪਾਨ ਕਰਾਲ ਧਰੰ ॥
ਜਯ ਸੱਦ ਸੁਰਾਸੁਰਯੰ ਉਚਰੰ ॥੫੫॥
ਨਵ ਕਿੰਕਣ ਨੇਵਰ ਨਾਦ ਹੂਅੰ ॥
ਚਲ ਚਾਲ ਸਭਾਚਲ[3] ਕੰਪ ਭੂਅੰ[4] ॥
ਘਣ ਘੁੰਘਰ ਘੰਟਣ ਘੋਰ ਸੁਰੰ ॥
ਚਰ ਚਾਰ ਚਰਾਚਰਯੰ[5] ਹੁਹਰੰ ॥੫੬॥
ਚਲ ਚੌਦਹੂੰ ਚੰਕ੍ਰਨ ਚੱਕ੍ਰ ਫਿਰੰ ॥
ਬਢਵੰ ਘਟਵੰ ਹਰੀਅੰ ਸੁਭਰੰ[8] ॥
ਜਗ ਜੀਵ ਜਿਤੇ ਜਲਯੰ ਥਲਯੰ ॥
ਅਸ ਕੋ ਜੁ [9]ਤਵਾਇਸੁਅੰ ਮਲਯੰ ॥੫੭॥
ਘਟ[10] ਭਾਦਵ ਮਾਸ[11] ਕੀ ਜਾਣ ਸੁਭੰ ॥
ਤਨ ਸਾਵਰੇ ਰਾਵਰੇ[12] ਹੁਲਸੰ ॥

---

੧ਉਚੀਆਂ । ੨ਸ਼ਰਾਬ । ੩ਸਭ ਪਹਾੜ । ੪ਪ੍ਰਿਥਵੀ ।
੫ ਜੜ੍ਹ ਚੇਤਨ । ੬ਘਬਰਾ ਕੇ । ੭ਖਾਲੀ ਕਰਨਾ । ੮ਭਰਨਾ ।
੯ਤੇਰੀ ਆਗਿਆ ਮੋੜੇ । ੧੦ਘਟਾ । ੧੧ਮਹੀਨਾ । ੧੨ਪਿਆਰੇ ਦਾ ।


www.sikhbookclub.com

ਰਦ[1] ਪੰਗਤ ਦਾਮਨੀਅੰ ਦਮਕੰ ॥
ਘਨ ਘੁੰਘਰ ਘੰਟ ਸੁਰੰ ਘਮਕੰ ॥੫੮॥

ਭੁਜੰਗ ਪ੍ਰਯਾਤ ਛੰਦ ॥

ਘਟਾ ਸਾਵਣੰ ਜਾਣ ਸ੍ਯਾਮੰ ਸੁਹਾਯੰ ॥
[2]ਮਣੀ ਨੀਲ ਨੱਗਿਯੰ ਲਖੰ ਸੀਸ ਨਿਆਯੰ ॥
ਮਹਾਂ ਸੁੰਦ੍ਰ ਸਿਆਮੰ ਮਹਾਂ ਅਭਿਰਾਮੰ ॥
ਮਹਾਂ ਰੂਪ ਰੂਪੰ ਮਹਾ ਕਾਮ ਕਾਮੰ ॥੫੯॥
ਫਿਰੈ ਚੱਕ੍ਰ ਚੌਦਹੂੰ ਪੁਰੀਅੰ ਮਧਆਣੰ ॥
ਇਸੋ ਕੌਨ ਬੀ ਫਿਰੈ ਆਇਸਾਣੰ ॥
ਕਹੋ ਕੁੰਟ ਕੰਨੈ ਬਿਖੈ ਭਾਤ ਬਾਚੈ ॥
ਸਭੰ ਸੀਸ ਕੇ ਸੰਗ ਸ੍ਰੀ ਕਾਲ ਨਾਚੈ ॥੬੦॥
ਕਰੇ ਕੋਟ ਕੋਊ ਧਰੇ ਕੋਟ ਓਟੰ ॥
ਬਚੈਗੋ ਨ ਕਿਉਹੂੰ ਕਰੈ ਕਾਲ ਚੋਟੰ ॥
ਲਿਖੰ ਜੰਤ੍ਰ ਕੇਤੇ ਪੜੰ ਮੰਤ੍ਰ ਕੋਟੰ ॥
ਬਿਨਾ ਸਰਨਿ ਤਾ ਕੀ ਨਹੀ ਔਰ ਓਟੰ ॥੬੧॥
ਲਿਖੰ ਜੰਤ੍ਰ ਥਾਕੇ ਪੜੰ ਮੰਤ੍ਰ ਹਾਰੇ ॥

---

੧ਦੰਦ । ੨ਨੀਲ ਮਣੀਆਂ ਦੇ ਪਹਾੜ ।

[੧]ਕਰੇ ਕਾਲ ਤੇ ਅੰਤ ਲੈ ਕੈ ਬਿਚਾਰੇ ॥
ਕਿਤਿਓ ਤੰਤ੍ਰ ਸਾਧੇ ਜੁ ਜਨਮੰ ਬਿਤਾਇਓ ॥
ਭਏ ਫੋਕਟੰ ਕਾਜ ਏਕੈ ਨ ਆਇਓ ॥੬੨॥
ਕਿਤੇ ਨਾਸ ਮੂੰਦੇ ਭਏ ਬ੍ਰਹਮਚਾਰੀ ॥
ਕਿਤੇ ਕੰਠ ਕੰਠੀ ਜਟਾ ਸੀਸ ਧਾਰੀ ॥
ਕਿਤੇ ਚੀਰ ਕਾਨੰ ਜੁਗੀਸੰ ਕਹਾਯੰ ॥
ਸਭੈ ਫੋਕਟੰ ਧਰਮ ਕਾਮੰ ਨ ਆਯੰ ॥੬੩॥
[੨]ਮਧੁ ਕੀਟਭੰ[੨] ਰਾਛਸੇਸੰ[੩] ਬਲੀਅੰ ॥
ਸਮੈ ਆਪਨੀ ਕਾਲ ਤੇਊ ਦਲੀਅੰ ॥
ਭਏ ਸੁੰਭ ਨੈਸੁੰਭ ਸ੍ਰੋਣੰਤ ਬੀਜੰ ॥
ਤੇਊ ਕਾਲ ਕੀਨੇ [੪]ਪੁਰੇਜ ਪੁਰੇਜੰ ॥੬੪॥
ਬਲੀ [੫]ਪ੍ਰਿਥੀਅੰ ਮਾਨਧਾਤਾ ਮਹੀਪੰ ॥
ਜਿਨੈ ਰਥ ਚੱਕ੍ਰੰ ਕੀਏ ਸਾਤ ਦੀਪੰ ॥
ਭੁਜੰ ਭੀਮ ਭਰਥੰ ਜਗੰ ਜੀਤਿ ਡੰਡਯੰ ॥
ਤਿਨੈ [੬]ਅੰਤਕੇ ਅੰਤ ਕੌ ਕਾਲ ਖੰਡਯੰ ॥੬੫॥

---

੧ਅੰਤ ਨੂੰ ਉਹ ਸਾਰੇ ਕਾਲ ਨੇ ਬਿਚਾਰੇ (ਦੀਨ) ਬਣਾ ਕਾਲ (ਖਤਮ) ਕਰ ਦਿੱਤੇ। ੨ਦੈਂਤ ਦਾ ਨਾਮ। ੩ਰਾਖਸ਼ਾਂ ਦਾ ਮਾਲਕ। ੩ਪੁਰਜਾ ਪੁਰਜਾ। ੫ ਰਾਜੇ ਦਾ ਨਾਂ। ੬ਉਨ੍ਹਾਂ ਦਾ ਅੰਤ ਕਰਨ ਵਾਲੇ ਜਮਰਾਜ ਨੂੰ ਭੀ ਕਾਲ ਨੇ ਮਾਰ ਦਿੱਤਾ।

ਜਿਨੈ ਦੀਪ ਦੀਪੰ ਦੁਹਾਈ ਫਿਰਾਈ ॥
[1]ਭੁਜਾ ਦੰਡ ਦੈ ਛੋਣਿ ਛੱਤ੍ਰੰ ਛਿਨਾਈ ॥
ਕਰੇ ਜੱਗ ਕੋਟੰ ਜਸੰ ਅਨੇਕ ਲੀਤੇ ॥
ਵਹੈ ਬੀਰ ਬੰਕੇ ਬਲੀ ਕਾਲ ਜੀਤੇ ॥੬੬॥
ਕਈ ਕੋਟ ਲੀਨੇ ਜਿਨੈ ਦੂਰਗ ਢਾਹੇ ॥
ਕਿਤੇ ਸੂਰਬੀਰਾਨ ਕੇ ਸੈਨ ਗਾਹੇ ॥
ਕਿਤੇ ਜੰਗ ਕੀਨੇ ਸੁ ਸਾਕੇ ਪਵਾਰੇ[2] ॥
ਵਹੈ ਦੀਨ ਦੇਖੇ ਗਿਰੇ ਕਾਲ ਮਾਰੇ ॥੬੭॥
ਜਿਨੈ ਪਾਤਿਸਾਹੀ ਕਰੀ ਕੋਟ ਜੁਗਯੰ ॥
[3]ਰਸੰ ਆਨ ਰੱਸੰ ਭਲੀ ਭਾਂਤਿ ਭੁਗਯੰ ॥
ਵਹੈ ਅੰਤ ਕੋ ਪਾਵ ਨਾਗੇ ਪਧਾਰੇ ॥
ਗਿਰੇ ਦੀਨ ਦੇਖੇ ਹਠੀ ਕਾਲ ਮਾਰੇ ॥੬੮॥
ਜਿਨੈ ਖੰਡੀਅੰ [4]ਦੰਡਧਾਰੰ ਅਪਾਰੰ ॥
ਕਰੇ ਚੰਦ੍ਰਮਾ ਸੂਰ ਚੇਰੇ ਦੁਆਰੰ ॥
ਜਿਨੈ ਇੰਦ੍ਰ ਸੇ ਜੀਤ ਕੈ ਛੋਡ ਡਾਰੇ ॥
ਵਹੈ ਦੀਨ ਦੇਖੇ ਗਿਰੇ ਕਾਲ ਮਾਰੇ ॥੬੯॥

---

੧ਬਾਹਵਾਂ ਨਾਲ ਦੰਡ ਦੇ ਕੇ ਖਤ੍ਰੀਆਂ ਪਾਸੋਂ ਧਰਤੀ ਖੋਹ ਲਈ
੨ਖੁਆੜੇ। ੩ਰਸਾਂ ਕਸਾ ਨੂੰ। ੪ਹਕੂਮਤ ਕਰਨ ਵਾਲੇ।

ਰਸਾਵਲ ਛੰਦ ॥

ਜਿਤੇ ਰਾਮ ਹੂਏ ॥ ਸਭੈ ਅੰਤ ਮੂਏ ॥
ਜਿਤੇ ਕ੍ਰਿਸਨ ਹ੍ਵੈਹੈਂ ॥ ਸਭੈ ਅੰਤ ਜੈਹੈਂ ॥੭੦॥
ਜਿਤੇ ਦੇਵ ਹੋਸੀ ॥ ਸਭੈ ਅੰਤ ਜਾਸੀ ॥
ਜਿਤੇ ਬੋਧ[1] ਹ੍ਵੈਹੈਂ ॥ ਸਭੈ ਅੰਤ ਛੈਹੈਂ ॥੭੧॥
ਜਿਤੇ ਦੇਵ ਰਾਯੰ ॥ ਸਭੈ ਅੰਤ ਜਾਯੰ ॥
ਜਿਤੇ ਦਈਤ ਏਸੰ॥ਤਿਤਿਓ[3] ਕਾਲ ਲੇਸੰ॥੭੨॥
ਨਰਸਿੰਘਾਵਤਾਰੰ ॥ ਵਹੈ ਕਾਲ ਮਾਰੰ ॥
ਬਡੋ ਡੰਡ ਧਾਰੀ॥ਹਣਿਓ ਕਾਲ ਭਾਰੀ॥੭੩॥
ਦਿਜੰ ਬਾਵਨੇਯੰ[4] ॥ ਹਣਿਓ ਕਾਲ ਤੇਯੰ ॥
[5]ਮਹਾ ਮੱਛ ਮੂੰਡੰ॥ ਫਧਿਓ ਕਾਲ ਝੂੰਡੰ ॥੭੪॥
ਜਿਤੇ ਹੋਇ ਬੀਤੇ ॥ ਤਿਤੇ ਕਾਲ ਜੀਤੇ ॥
ਜਿਤੇ ਸਰਨਿ ਜੈਹੈਂ॥ਤਿਤਿਓ ਰਾਖ ਲੈਹੈਂ॥੭੫॥

ਭੁਜੰਗ ਪ੍ਰਯਾਤ ਛੰਦ ॥

ਬਿਨਾ ਸਰਨ ਤਾ ਕੀ ਨ ਅਉਰੈ ਉਪਾਯੰ ॥

---

੧ਬੁਧ ਅਵਤਾਰ । ੨ਨਾਸ ਹੋਣਗੇ । ੩ਕਾਲ ਦੀ ਲਾਗ ਲਬੇੜ ਹੈ ।
੪ਬਾਵਨ ਅਵਤਾਰ । ੫ ਮਗਰ ਮੱਛ ਦੇ ਮੂੰਹ ਵਾਲਾ, ਮੱਛ ਅਵਤਾਰ ।

 www.sikhbookclub.com

ਕਹਾ ਦੇਵ ਦਈਤੰ ਕਹਾ ਰੰਕ ਰਾਯੰ ॥
ਕਹਾ ਪਾਤਸਾਹੰ ਕਹਾ ਉਮਰਾਯੰ ॥
ਬਿਨਾ ਸਰਨ ਤਾ ਕੀ ਨ ਕੋਟੈ ਉਪਾਜੰ ॥੭੬॥
ਜਿਤੇ ਜੀਵ ਜੰਤੰ ਸੁ ਦੁਨੀਅੰ ਉਪਾਯੰ ॥
ਸਭੈ ਅੰਤ ਕਾਲੰ ਬਲੀ ਕਾਲ ਘਾਯੰ[1] ॥
ਬਿਨਾ ਸਰਨ ਤਾ ਕੀ ਨਹੀ ਔਰ ਓਟੰ ॥
ਲਿਖੇ ਜੰਤ੍ਰ ਕੇਤੇ ਪੜ੍ਹੇ ਮੰਤ੍ਰ ਕੋਟੰ ॥੭੭॥

ਨਰਾਜ ਛੰਦ ।

ਜਿਤੇਕ ਰਾਜ ਰੰਕਯੰ ॥
ਹਨੇ ਸੁ ਕਾਲ ਬੰਕਯੰ[2] ॥
ਜਿਤੇਕ ਲੋਕ ਪਾਲਯੰ ॥
ਨਿਦਾਨ[3] ਕਾਲ ਦਾਲਯੰ ॥੭੮॥
ਕ੍ਰਿਪਾਣ ਪਾਣ ਜੇ ਜਪੈ ॥
ਅਨੰਤ ਥਾਟ ਤੇ ਥਪੈ ॥
ਜਿਤੇਕ ਕਾਲ ਧਯਾਇਹੈ ॥
ਜਗਤ ਜੀਤ ਜਾਇਹੈ ॥੭੯॥

---

੧ਮਾਰੇ । ੨ਭਿਆਨਕ । ੩ਅੰਤ ਨੂੰ । ੪ਦਰੜ ਦਿਤੇ ।

 www.sikhbookclub.com

[1]ਅਚਿਤ੍ਰ ਚਾਰੁ ਚਿਤ੍ਰਯੰ ॥
ਪਰਮਯੰ ਪਵਿਤ੍ਰਯੰ ॥
ਅਲੋਕ ਰੂਪ ਰਾਜਿਯੰ ॥
ਸੁਣੇ ਸੁ ਪਾਪ ਭਾਜਿਯੰ ॥ ੮੦ ॥

ਬਿਸਾਲ ਲਾਲ ਲੋਚਨੰ ॥
ਬਿਅੰਤ ਪਾਪ ਮੋਚਨੰ ॥
[2]ਚਮੱਕ ਚੰਦ੍ਰ ਚਾਰੀਅੰ ॥
ਅਘੀ[3] ਅਨੇਕ ਤਾਰੀਅੰ ॥ ੮੧ ॥

ਰਸਾਵਲ ਛੰਦ ॥

ਜਿਤੇ ਲੋਕ ਪਾਲੰ ॥ ਤਿਤੇ ਜੇਰ ਕਾਲੰ ॥
ਜਿਤੇ ਸੂਰ ਚੰਦ੍ਰੰ ॥ [4]ਕਹਾ ਇੰਦ੍ਰ ਬਿੰਦ੍ਰੰ ॥੮੨॥

ਭੁਜੰਗ ਪ੍ਰਯਾਤ ਛੰਦ ॥

ਫਿਰੇ ਚੌਦਹੂੰ ਲੋਕਯੰ ਕਾਲ ਚਕ੍ਰੰ ॥
[5]ਸਭੈ ਨਾਥ ਨਾਥੇ ਭ੍ਰਮੰ ਭੌਂਹ ਬਕ੍ਰੰ ॥

---

੧ਅਲੌਕਿਕ ਸੁੰਦਰ ਮੂਰਤੀ ਨੂੰ। ੨[ਮੁਖ ਦੀ] ਚਮਕ ਚੰਦ੍ਰਮਾ ਕੋਲੋਂ ਭੀ ਸੁੰਦਰ ਹੈ। ੩ਪਾਪੀ। ੪ਕੀ ਹੈ ਇੰਦ੍ਰ ਤੁੱਛ। ੫ ਤ੍ਰਿਛੀ ਭੌਂਹ ਭੁਆ ਕੇ ਹੀ ਸਾਰੇ ਨਾਥਾਂ ਨੂੰ ਨਥ ਲਿਆ।

 www.sikhbookclub.com

ਕਹਾ ਰਾਮ ਕ੍ਰਿਸਨੰ ਕਹਾ ਚੰਦ ਸੂਰੰ ॥
ਸਭੈ ਹਾਥ ਬਾਂਧੇ ਖਰੇ ਕਾਲ ਹਜੂਰੰ ॥੯੩॥

ਸਵੈਯਾ ॥

ਕਾਲ ਹੀ ਪਾਇ ਭਯੋ ਭਗਵਾਨ[1]
ਸੁ ਜਾਗਤ ਯਾ ਜਗ ਜਾ ਕੀ ਕਲਾ ਹੈ ॥
ਕਾਲ ਹੀ ਪਾਇ ਭਯੋ ਬ੍ਰਹਮਾ ਸਿਵ
ਕਾਲ ਹੀ ਪਾਇ ਭਯੋ ਜੁਗੀਆ ਹੈ ॥
ਕਾਲ ਹੀ ਪਾਇ ਸੁਰਾਸੁਰ[2] ਗੰਧ੍ਰਬ
ਜੱਛ ਭੁਜੰਗ ਦਿਸਾ ਬਿਦਿਸਾ ਹੈ ॥
ਔਰ ਸੁਕਾਲ ਸਭੈ ਬਸ ਕਾਲ ਕੇ
ਏਕ ਹੀ ਕਾਲ[4] ਅਕਾਲ[5] ਸਦਾ ਹੈ ॥੯੪॥

ਭੁਜੰਗ ਪ੍ਰਯਾਤ ਛੰਦ ॥

ਨਮੋ ਦੇਵ ਦੇਵੰ ਨਮੋ ਖੜਗਧਾਰੰ ॥
ਸਦਾ ਏਕ ਰੂਪੰ ਸਦਾ ਨਿਰਬਿਕਾਰੰ ॥
ਨਮੋ ਰਾਜਸੰ ਸਾਤਕੰ ਤਾਮਸੇਅੰ ॥
ਨਮੋ ਨਿਰਕਿਕਾਰੰ ਨਮੋ ਨਿਰਜੁਰੇਅੰ[6] ॥੯੫॥

---

੧ਵਿਸ਼ਨੂੰ। ੨ਸੁਰ + ਅਸੁਰ-ਦੇਵਤੇ ਦੈਂਤ। ੩ਮਿਥੇ ਹੋਏ ਸਮੇਂ ਵਾਲੇ। ੪ਵਾਹਿਗੁਰੂ ਹੀ। ੫ਕਾਲ ਰਹਿਤ ਹੈ। ੬ਨਿਰਲੇਪ

 www.sikhbookclub.com

ਰਸਾਵਲ ਛੰਦ ।

ਨਮੋ ਬਾਣੰ ਪਾਣੰ ॥ ਨਮੋ ਨਿਰਭਯਾਣੰ ॥
ਨਮੋ ਦੇਵ ਦੇਵੰ ॥ ਭਵਾਣੰ[1] ਭਵੇਅੰ[2] ॥੮੬॥

ਭੁਜੰਗ ਪ੍ਰਯਾਤ ਛੰਦ ॥

ਨਮੋ ਖਗ ਖੰਡੰ ਕ੍ਰਿਪਾਣੰ ਕਟਾਰੰ ॥
ਸਦਾ ਏਕ ਰੂਪੰ ਸਦਾ ਨਿਰਬਿਕਾਰੰ ॥
ਨਮੋ ਬਾਣ ਪਾਣੰ ਨਮੋ ਦੰਡ ਧਾਰਿਯੰ ॥
ਜਿਨੈ ਚੌਦਹੂੰ ਲੋਕ ਜੋਤੰ ਬਿਥਾਰਿਯੰ ॥੮੭॥
ਨਮਸਕਾਰਯੰ ਮੋਰ ਤੀਰੰ ਤੁਫੰਗੰ[3] ॥
ਨਮੋ ਖਗ ਅੱਦਗੰ[4] ਅਭੇਯੰ[5] ਅਭੰਗੰ ॥
ਗਦਾਯੰ[7] ਗ੍ਰਿਸਟੰ[8] ਨਮੋ ਸੈਹਥੀਯੰ[9] ॥
ਜਿਨ ਤੁੱਲੀਯੰ ਬੀਰ ਬੀਯੋ ਨ ਬੀਯੰ ॥੮੮॥

ਰਸਾਵਲ ਛੰਦ ॥

ਨਮੋ ਚੱਕ੍ਰ ਪਾਣੰ ॥ ਅਭੂਤੰ ਭਯਾਣੰ ॥
ਨਮੋ ਉਗ੍ਰਦਾੜੰ[10] ॥ ਮਹਾ ਗ੍ਰਿਸਟ ਗਾੜੰ ॥੮੯।

---

੧ਜਗਤ ਵਿਚ । ੨ਹੋਣ ਵਾਲੇ ਨੂੰ । ੩ਬੰਦੂਕ । ੪ਚਮਕਦੀ । ੫ ਵਿੰਨ੍ਹੀ ਨ ਜਾਣ ਵਾਲੀ । ੬ਨਾ ਟੁਟਣ ਵਾਲੀ । ੭ਗੁਰਜ । ੮ਭਾਰੀ ੯ਬਰਛੀ । ੧੦ਤਿੱਖੀਆਂ ਦਾੜ੍ਹਾਂ ।

ਨਮੋ ਤੀਰ ਤੋਪੰ ॥ ਜਿਨੈ ਸਤ੍ਰ ਘੋਪੰ[1] ॥
ਨਮੋ ਧੋਪ[2] ਪੱਟੰ ॥ ਜਿਨੈ ਦੁਸਟ ਦੱਟੰ ॥੯੦॥
ਜਿਤੇ ਸਸਤ੍ਰ ਨਾਮੰ ॥ ਨਮਸਕਾਰ ਤਾਮੰ ॥
ਜਿਤੇ ਅਸਤ੍ਰ ਭੇਯੰ ॥ ਨਮਸਕਾਰ ਤੇਯੰ ॥੯੧॥

ਸਵੈਯਾ ॥

ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ
ਗਰੀਬ ਨਿਵਾਜ ਨ ਦੂਸਰ ਤੋ ਸੋ ॥
ਭੂਲ ਛਿਮੋ ਹਮਰੀ ਪ੍ਰਭ ਆਪਨ
ਭੂਲਨਹਾਰ ਕਹੂੰ ਕੋਊ ਮੋ ਸੋ ॥
ਸੇਵ ਕਰੀ ਤੁਮਰੀ ਤਿਨ ਕੇ
ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋਸੋ ॥
ਯਾ ਕਲ ਮੈਂ ਸਭ ਕਾਲ ਕ੍ਰਿਪਾਨ ਕੇ ॥
ਭਾਰੀ ਭੁਜਾਨ ਕੋ ਭਾਰੀ ਭਰੋਸੋ ॥੯੨॥
ਸੁੰਭ[4] ਨਿਸੁੰਭ[5] ਸੇ ਕੋਟ ਨਿਸਾਚਰ
ਜਾਹਿ ਛਿਨੇਕ ਬਿਖੈ ਹਨ[6] ਡਾਰੇ ॥

---

੧ਵਿੰਨ੍ਹੇ-ਮਾਰੇ। ੨ਸਿਧੀ ਤਲਵਾਰ। ੩ਸਿਧੀ ਤੇ ਪਤਲੀ ਤਲਵਾਰ।
੪ਡਾਟੇ। ੫ਦੈਂਤਾਂ ਦੇ ਨਾਮ ਹਨ। ੬ਮਾਰ ਦਿੱਤੇ।

ਧੂਮਰਲੋਚਨ[1] ਚੰਡ[1] ਔ ਮੁੰਡ[1] ਸੇ
ਮਾਹਖ[1] ਸੇ ਪਲ ਬੀਚ ਨਿਵਾਰੇ ॥
ਚਾਮਰ[1] ਸੇ ਰਣ ਚਿੱਛਰ[1] ਸੇ
ਰਕਤਿੱਛਨ[1] ਸੇ ਝਟ ਦੈ ਝਝਕਾਰੇ ॥
ਐਸੋ ਸੁ ਸਾਹਿਬ ਪਾਇ, ਕਹਾ
ਪਰਵਾਹ ਰਹੀ ਇਹ ਦਾਸ ਤਿਹਾਰੇ ॥੯੩॥
ਮੁੰਡਹੁ[1] ਸੇ ਮਧੁ[1] ਕੀਟਭ[1] ਸੇ
ਮੁਰ[1] ਸੇ ਅਘਸੇ[1] ਜਿਨਿ ਕੋਟਿ ਦਲੇ ਹੈਂ ॥
ਓਟ ਕਰੀ ਕਬਹੂੰ ਨ ਜਿਨੈ
ਰਣ ਚੋਟ ਪਰੀ ਪਗ ਦ੍ਵੈ ਨ ਟਲੇ ਹੈਂ ॥
ਸਿੰਧ ਬਿਖੈ ਜੇ ਨ ਬੂਡੇ ਨਿਸਾਚਰ[2]
ਪਾਵਕ ਬਾਣ ਬਹੇ ਨ ਜਲੇ ਹੈਂ ॥
ਤੇ ਅਸਿ[3] ਤੋਰ[4] ਬਿਲੋਕ ਅਲੋਕ ਸੁ
ਲਾਜ ਕੋ ਛਾਡਿ ਕੈ ਭਾਜਿ ਚਲੇ ਹੈਂ ॥੯੪॥
ਰਾਵਨ ਸੇ ਮਹਰਾਵਣ ਸੇ
ਘਟਕਾਨਹੁ[5] ਸੇ ਪਲ ਬੀਕ ਪਛਾਰੇ ॥

---

੧ਦੈਂਤਾਂ ਦੇ ਨਾਮ। ੨ਰਾਖਸ਼। ੩ਤਲਵਾਰ। ੪ਤੇਰੀ। ੫ ਕੁੰਭ ਕਰਨ।

 www.sikhbookclub.com

ਬਾਰਿਦਨਾਦ[1] ਅਕੰਪਨ[2] ਸੇ ਜਗ
ਜੰਗ ਜੁਰੇ ਜਿਨ ਸਿਓ ਜਮ ਹਾਰੇ ॥
ਕੁੰਭ[3] ਅਕੁੰਭ[3] ਸੇ ਜੀਤ ਸਭੈ
ਜਗ ਸਾਤ ਹੂੰ ਸਿੰਧ ਹਥੀਆਰ ਪਖਾਰੇ ॥
ਜੇ ਜੇ ਹੁਤੇ ਅਕਟੇ ਬਿਕਟੇ[4] ਸੁ
ਕਟੇ ਕਰਿ ਕਾਲ ਕ੍ਰਿਪਾਨ ਕੇ ਮਾਰੇ ॥੯੫॥
ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ
ਤੋ ਕਿਹ ਕੁੰਟ ਕਹੋ ਭਜਿ ਜਾਈਐ ॥
ਆਗੇ ਹੂੰ ਕਾਲ ਧਰੇ ਅਸਿ ਗਾਜਤ
ਛਾਜਤ ਹੈ ਜਿਹ ਤੇ ਨਸਿ ਅਈਐ ॥
ਐਸੋ ਨ ਕੈ ਗਯੋ ਕੋਈ ਸੁ ਦਾਵ ਰੇ
ਜਾਹਿ ਉਪਾਵ ਸੋ ਘਾਵ ਬਚਈਐ ॥
ਜਾਂ ਤੇ ਨ ਛੂਟੀਐ ਮੂੜ ਕਹੂੰ, ਹਸ
ਤਾਂ ਕੀ ਕਿਉਂ ਨ ਸਰਣਾਗਤਿ ਜਈਐ॥੯੬॥
ਕ੍ਰਿਸਨ ਔ ਬਿਸਨ ਜਪੇ ਤੁਹਿ ਕੋਟਿਕ
ਰਾਮ ਰਹੀਮ ਭਲੀ ਬਿਧਿ ਧਿਆਯੋ ॥

---

੧ਮੇਘਨਾਥ (ਰਾਵਣ ਦਾ ਪੁਤ੍ਰ) ੨ਰਾਵਣ ਦਾ ਸੈਨਾਪਤੀ।
੩ਦੈਂਤਾਂ ਦੇ ਨਾਮ। ੪ਔਖੇ ਕਟੇ ਜਾਣ ਵਾਲੇ।

 www.sikhbookclub.com

ਬ੍ਰਹਮ ਜਪਿਓ ਅਰੁ ਸੰਭੁ ਥਪਿਓ
ਤਿਹ ਤੇ ਤੁਹਿਕੋ ਕਿਨਹੂੰ ਨ ਬਚਾਯੋ ॥
ਕੋਟ ਕਰੀ ਤਪਸਾ ਦਿਨ ਕੋਟਿਕ
ਕਹੂੰ ਨ ਕੌਡੀ ਕੋ ਕਾਮ ਕਢਾਯੋ ॥
ਕਾਮਕੁ[1] ਮੰਤ੍ਰ ਕਸੀਰੇ[2] ਕੇ ਕਾਮ ਨ
ਕਾਲ ਕੋ ਘਾਉ ਕਿਨਹੂੰ ਨ ਬਚਾਯੋ ॥੯੭॥
ਕਾਹੇ ਕੋ ਕੂਰ ਕਰੈ ਤਪਸਾ ਇਨ ਕੀ
ਕੋਊ ਕੌਡੀ ਕੇ ਕਾਮ ਨ ਐਹੈ ॥
ਤੋਹਿ ਬਚਾਇ ਸਕੈ ਕਹੁ ਕੈਸੇ ਕੈ
ਆਪਨ ਘਾਵ ਬਚਾਇ ਨ ਐਹੈ ॥
[3]ਕੋਪ ਕਰਾਲ ਕੀ ਪਾਵਕ ਕੁੰਡ ਮੈ
ਆਪ ਟੰਗਿਓ ਤਿਮ ਤੋਹਿ ਟੰਗੈਹੈ ॥
ਚੇਤ ਰੇ ਚੇਤ ਅਜੋ ਜੀਅ ਮੈਂ ਜੜ
ਕਾਲ ਕ੍ਰਿਪਾ ਬਿਨੁ ਕਾਮ ਨ ਐਹੈ॥੯੮॥
ਤਾਹਿ ਪਛਾਨਤ ਹੈ ਨ ਮਹਾ ਪਸੁ
ਜਾ ਕੋ ਪ੍ਰਤਾਪੁ ਤਿਹੂੰ ਪੁਰ ਮਾਹੀ ॥

---

੧ਸਕ ਮ ਮੰਤ੍ਰ। ੨ਦਮੜੀ। ੩(ਕਾਲ ਦੀ) ਡਰੌਣੀ ਕ੍ਰੋਧ ਅਗਨੀ ਦੇ ਕੁੰਡ ਵਿਚ।

 www.sikhbookclub.com

ਪੂਜਤ ਹੈ ਪਰਮੇਸਰ ਕੈ[1]
[2]ਜਿਹ ਕੇ ਪਰਸੈ, ਪਰਲੋਕ ਪਰਾਹੀ ॥
[3]ਪਾਪ ਕਰੋ ਪਰਮਾਰਥ ਕੈ
ਜਿਹ ਪਾਪਨ ਤੇ ਅਤਿ ਪਾਪ ਲਜਾਹੀ ॥
ਪਾਇ ਪਰੋ ਪਰਮੇਸਰ ਕੇ ਜੜ
ਪਾਹਨ ਮੈਂ ਪਰਮੇਸਰ ਨਾਹੀ ॥੯੯॥
ਮੋਨ ਭਜੇ ਨਹੀ ਮਾਨ ਤਜੇ
ਨਹੀ ਭੇਖ ਸਜੇ ਨਹੀ ਮੂੰਡ ਮੁੰਡਾਏ ॥
ਕੰਠ ਨ ਕੰਠੀ ਕਠੋਰ[4] ਧਰੇ
ਨਹੀ ਸੀਸ ਜਟਾਨ ਕੇ ਜੂਟ ਸੁਹਾਏ ॥
ਸਾਚੁ ਕਹੋਂ ਸੁਨ ਲੈ ਚਿਤ ਦੇ
ਬਿਨੁ ਦੀਨ ਦਿਆਲ ਕੀ ਸਾਮ ਸਿਧਾਏ ॥
ਪ੍ਰੀਤਿ ਕਰੇ ਪ੍ਰਭੁ ਪਾਯਤ ਹੈ
ਕ੍ਰਿਪਾਲ ਨ ਭੀਜਤ ਲਾਂਡ ਕਟਾਏ ॥੧੦੦॥
[5]ਕਾਗਦ ਦੀਪ ਸਭੈ ਕਰਿ ਕੈ

---

੧ਕਰਕੇ । ੨ਜਿਨ੍ਹਾਂ ਦੇ ਛੋਹਨ ਨਾਲ ਹੀ ਪ੍ਰਲੋਕ ਤੋਂ ਧਕਿਆ ਜਾਵੇ ।
੩ਪਰਮਾਰਥ (ਕੈ) ਸਮਝ ਕੇ (ਉਹ) ਪਾਪ ਕਰਦਾ ਹੈ । ੪ਸਖਤ ।
੫ ਸਾਰੇ ਦੀਪਾਂ ਨੂੰ (ਸਾਰੀ ਧਰਤੀ ਨੂੰ) ਕਾਗਦ ਬਣਾ ਕੇ ।

ਅਰੁ ਸਾਤ ਸਮੁੰਦ੍ਰਨ ਕੀ ਮਸੁ[1] ਕੈਹੋਂ ॥
ਕਾਟ ਬਨਾਸਪਤੀ ਸਗਰੀ
ਲਿਖਬੇ ਹੂੰ ਕੇ ਲੇਖਨ ਕਾਜ ਬਨੈ ਹੋਂ ॥
ਸਾਰਸੁਤੀ ਬਕਤਾ ਕਰਿ ਕੈ
ਜੁਗਿ ਕੋਟਿ ਗਨੇਸ ਕੈ ਹਾਥ ਲਿਖੈ ਹੋਂ ॥
ਕਾਲ ਕ੍ਰਿਪਾਨ ਬਿਨਾ ਬਿਨਤੀ
ਨ ਤਊ ਤੁਮ ਕੌ ਪ੍ਰਭੁ ਨੈਕ ਰਿਝੈ ਹੋ ॥੧੦੧॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸ੍ਰੀ ਕਾਲ ਜੀ ਕੀ ਉਸਤਤਿ ਪ੍ਰਿਥਮ ਧਿਆਇ ਸੰਪੂਰਨ ਸੁਭਮਸਤੁ ॥੧॥ [2]ਅਫਜੂ ॥

ਚੌਪਈ ॥

ਤੁਮਰੀ ਮਹਿਮਾ ਅਪਰ ਅਪਾਰਾ ॥
ਜਾ ਕਾ ਲਹਿਓ ਨ ਕਿਨਹੂੰ ਪਾਰਾ ॥
ਦੇਵ ਦੇਵ ਰਾਜਨ ਕੇ ਰਾਜਾ ॥
ਦੀਨ ਦਇਆਲ ਗਰੀਬ ਨਿਵਾਜਾ ॥ ੧ ॥

ਦੋਹਰਾ ॥

ਮੂਕ[3] ਊਬਰੈ [4]ਸਾਸਤ੍ਰ ਖਟ
ਪਿੰਗੁ ਗਿਰਨ[5] ਚੜਿ ਜਾਇ ॥

---

੧ਸਿਆਹੀ । ੨ਸਮੁਚਾ ਜੋੜ । ੩ਗੂੰਗਾ । ੪ਛੀ ਸ਼ਾਸਤ੍ਰ । ੫ ਪਹਾੜਾਂ ਪੁਰ ।

 www.sikhbookclub.com

ਅੰਧ ਲਖੈ[1] ਬਧਰੋ[2] ਸੁਨੈ
ਜੌ ਕਾਲ ਕ੍ਰਿਪਾ ਕਰਾਇ ॥ ੨ ॥

ਚੌਪਈ ॥

ਕਹਾ ਬੁੱਧਿ ਪ੍ਰਭ ਤੁੱਛ ਹਮਾਰੀ ॥
ਬਰਨ ਸਕੈ ਮਹਿਮਾ ਜੁ ਤਿਹਾਰੀ ॥
ਹਮ ਨ ਸਕਤ ਕਰ ਸਿਫਤ ਤੁਮਾਰੀ ॥
ਆਪ ਲੇਹੁ ਤੁਮ ਕਥਾ ਸੁਧਾਰੀ ॥ ੩ ॥
ਕਹਾ ਲਗੈ ਇਹ ਕੀਟ ਬਖਾਨੈ ॥
ਮਹਿਮਾ ਤੋਰ ਤੁਹੀ ਪ੍ਰਭ ਜਾਨੈ ॥
ਪਿਤਾ ਜਨਮ ਜਿਮ ਪੂਤ ਨ ਪਾਵੈ ॥
ਕਹਾ ਤਵਨ ਕਾ ਭੇਦ ਬਤਾਵੈ ॥ ੪ ॥
ਤੁਮਰੀ ਪ੍ਰਭਾ ਤੁਮੈ ਬਨਿ ਆਈ ॥
ਅਉਰਨ ਤੇ ਨਹੀ ਜਾਤ ਬਤਾਈ ॥
ਤੁਮਰੀ ਕ੍ਰਿਆ[3] ਤੁਮਹੂ ਪ੍ਰਭ ਜਾਨੋ ॥
[4]ਊਚ ਨੀਚ ਕਸ ਸਕਤ ਬਖਾਨੋ ॥ ੫ ॥

---

੧ਦੇਖਣ ਲਗ ਪੈਂਦਾ ਹੈ । ੨ਬੋਲਾ (ਘਟ ਸੁਣਨ ਵਾਲਾ) । ੩ਕਰਮ-ਗਤੀ, ਕਰਤੱਵ । ੪ਉੱਚੇ ਬਾਰੇ ਨੀਵਾਂ ਕਿਵੇਂ ਕੁਝ ਕਹਿ ਸਕਦਾ ਹੈ ।

 www.sikhbookclub.com

ਸੇਸ ਨਾਗ ਸਿਰ ਸਹਸ ਬਨਾਈ ॥
ਦ੍ਵੈ ਸਹੰਸ ਰਸਨਾਹੁ ਸੁਹਾਈ ॥
ਰਟਤ[੧] ਅਬ ਲਗੇ ਨਾਮ ਅਪਾਰਾ ॥
ਤੁਮਰੋ ਤਊ ਨ ਪਾਵਤ ਪਾਰਾ ॥ ੬ ॥
ਤੁਮਰੀ ਕ੍ਰਿਆ ਕਹਾਂ ਕੋਊ ਕਹੈ ॥
ਸਮਝਤ ਬਾਤ [੨]ਉਰਝ ਮਤਿ ਰਹੈ ॥
ਸੂਛਮ[੩] ਰੂਪ ਨ ਬਰਨਾ ਜਾਈ ॥
ਬਿਰਧ[੪] ਸਰੂਪਹਿ ਕਹੋ ਬਨਾਈ ॥ ੭ ॥
ਤੁਮਰੀ ਪ੍ਰੇਮ ਭਗਤਿ ਜਬ ਗਹਿਹੌ[੫] ॥
ਛੋਰ[੬] ਕਥਾ ਸਭਹੀ ਤਬ ਕਹਿਹੌ ॥
ਅਬ ਮੈ ਕਹੋ ਸੁ ਅਪਨੀ ਕਥਾ ॥
ਸੋਢੀ ਬੰਸ ਉਪਜਿਯਾ ਜਥਾ ॥ ੮ ॥

ਦੋਹਰਾ ॥

ਪ੍ਰਿਥਮ ਕਥਾ ਸੰਛੇਪ ਤੇ
ਕਹੋ ਸੁ ਹਿਤ ਚਿਤ ਲਾਇ ॥

---

੧ਕਹਿਨਾ, ਜਪਦਾ ਹੈ । ੨ਬੁਧੀ ਉਲਝ ਕੇ ਰਹਿ ਜਾਂਦੀ ਹੈ । ੩ਨਿਰਾਕਾਰ, ਅਨਦਿਸ । ੪ਸਥੂਲ ਦਿਸਦਾ । ੫ ਪ੍ਰਾਪਤ ਕਰਾਂਗਾ । ੬ਖੁਲ੍ਹ ਕੇ ।

 www.sikhbookclub.com

ਬਹੁਰ ਬਡੋ ਬਿਸਥਾਰ ਕੈ
ਕਹਿਹੌ ਸਭੋ ਸੁਨਾਇ ॥ ੯ ॥

ਚੌਪਈ ॥

ਪ੍ਰਿਥਮ ਕਾਲ[1] ਜਬ ਕਰਾ ਪਸਾਰਾ ॥
ਓਅੰਕਾਰ ਤੇ ਸ੍ਰਿਸਟਿ ਉਪਾਰਾ ॥
ਕਾਲ ਸੈਣ ਪ੍ਰਿਥਮੈ ਭਇਓ ਭੂਪਾ ॥
ਅਧਿਕ ਅਤੁਲ[2] ਬਲਿ ਰੂਪ ਅਨੂਪਾ ॥ ੧੦ ॥
ਕਾਲ ਕੇਤ ਦੂਸਰ ਭੂਅ[3] ਭਇਓ ॥
ਕ੍ਰੂਰਬਰਸ ਤੀਸਰ ਜਗ ਠਯੋ ॥
ਕਾਲਧੁਜ ਚਤੁਰਥ ਨ੍ਰਿਪ ਸੋਹੈ ॥
ਜਿਹ ਤੇ ਭਇਓ ਜਗਤ ਸਭ ਕੋ ਹੈ ॥ ੧੧ ॥
ਸਹਸਰਾਛ[4] ਜਾ ਕੇ ਸੁਭ ਸੋਹੈਂ ॥
ਸਹਸ ਪਾਦ[5] ਜਾ ਕੇ ਤਨ ਮੋ ਹੈਂ ॥
ਸੇਖ ਨਾਗ ਪਰ ਸੋਇਬੋ ਕਰੈ ॥
ਜਗ ਤਹਿ ਸੇਖ[6] ਸਾਇ ਉਚਰੈ ॥ ੧੨ ॥

---

੧ਵਾਹਿਗੁਰੂ । ੨ਨਾ ਤੋਲਿਆ ਜਾਣ ਵਾਲਾ ਬਲ । ੩ਰਾਜਾ ।
੪ਹਜ਼ਾਰ ਅੱਖ । ੫ ਪੈਰ । ੬ਸ਼ੇਸ਼ਨਾਗ ਪੁਰ ਸੌਣ ਵਾਲਾ।

 www.sikhbookclub.com

ੲਿਕ ਸ੍ਰਵਣ[੧] ਤੇ ਮੈਲ ਨਿਕਾਰਾ ॥
ਤਾ ਤੇ ਮਧੁ[੨] ਕੀਟਭ[੨] ਤਨ ਧਾਰਾ ॥
ਤ੍ਰਿਤੀਯ ਕਾਨ ਤੇ ਮੈਲੁ ਨਿਕਾਰੀ ॥
ਤਾ ਤੇ ਭਈ ਸ੍ਰਿਸਟਿ ਇਹ ਸਾਰੀ ॥ ੧੩ ॥

ਤਿਨ ਕੋ ਕਾਲ ਬਹੁਰ ਬਧ[੩] ਕਰਾ ॥
ਤਿਨ ਕੋ ਮੇਦ[੪] ਸਮੁੰਦ ਮੋ ਪਰਾ ॥
ਚਿਕਨਤਾਸ[੫] ਜਲ ਪਰ ਤਿਰ ਰਹੀ ॥
ਮੇਧਾ[੬] ਨਾਮ ਤਬਹਿ ਤੇ ਕਹੀ ॥ ੧੪ ॥

ਸਾਧ[੭] ਕਰਮ ਜੋ ਪੁਰਖ ਕਮਾਵੈ ॥
ਨਾਮ ਦੇਵਤਾ ਜਗਤ ਕਹਾਵੈ ॥
ਕੁਕ੍ਰਿਤ[੮] ਕਰਮ ਜੇ ਜਗ ਮਹਿ ਕਰਹੀਂ ॥
ਨਾਮ ਅਸੁਰ ਤਿਨ ਕੋ ਸਭ ਧਰਹੀਂ ॥ ੧੫ ॥

ਬਹੁ ਬਿਥਾਰ ਕਹਾ ਲਗੈ ਬਖਾਨੀਅਤ ॥
ਗ੍ਰੰਥ ਬਢਨ ਤੇ ਅਤਿ ਡਰੁ ਮਾਨੀਅਤ ॥

---

੧ਕੰਨ । ੨ਦੈਂਤ ਦੇ ਨਾਂ । ੩ਨਾਸ਼ ਕੀਤਾ । ੪ਮਿੱਝ ।
੫ਥਿੰਧਾਈ, ਚਿਕਨਾਹਟ । ੬ਚਰਬੀ ਤੋਂ ਬਣੀ ਹੋਈ, ਧਰਤੀ ।
੭ਭਲੇ ਕਰਮ । ੮ਮੰਦੇ ਕਰਮ ।

ਤਿਨ ਤੇ ਹੋਤ ਬਹੁਤ ਨ੍ਰਿਪ[੧] ਆਏ ॥
ਦੱਛ ਪ੍ਰਜਾਪਤਿ[੨] ਜਿਨ ਉਪਜਾਏ ॥ ੧੬
ਦਸ ਸਹੰਸ੍ਰ ਤਿਹਿ ਗ੍ਰਿਹ ਭਈ ਕੰਨਿਆ ॥
ਜਿਹ ਸਮਾਨ ਕਹ ਲਗੈ ਨ ਅੰਨਿਆ[੩] ॥
ਕਾਲ ਕ੍ਰਿਆ ਐਸੀ ਤਹ ਭਈ ॥
ਤੇ ਸਭ ਬਿਆਹਿ ਨਰੇਸਨ[੪] ਦਈ ॥ ੧੭

ਦੋਹਰਾ ॥

ਬਨਤਾ[੫] ਕਦਰੂ[੫] ਦਿਤਿ[੫] ਅਦਿਤਿ[੫]
ਏ ਰਿਖ ਬਰੀ ਬਨਾਇ ॥
ਨਾਗ[੬] ਨਾਗਰਿਪੁ[੭] ਦੇਵ ਸਭ
ਦਈਤ ਲਏ ਉਪਜਾਇ ॥ ੧੮

ਚੌਪਈ ।

ਤਾ ਤੇ ਸੂਰਜ ਰੂਪ ਕੋ ਧਰਾ ॥
ਜਾ ਤੇ ਬੰਸ ਪ੍ਰਚੁਰ ਰਵਿ[੮] ਕਰਾ ॥
ਜੋ ਤਿਨ ਕੇ ਕਹਿ ਨਾਮ ਸੁਨਾਊ ॥

---

੧ਰਾਜੇ । ੨ਇਕ ਰਾਜਾ । ੩ਹੋਰ । ੪ਰਾਜਿਆਂ ਨਾ
੫ ਲੜਕੀਆਂ ਦੇ ਨਾਂ ਹਨ । ੬ਸੱਪ । ੭ਗਰੁੜ । ੮ਸੂਰਜ ਵੰਸ ।

 www.sikhbookclub.com

:ਥ' ਬਢਨ ਤੇ ਅਧਿਕ ਡਰਾਊ ॥ ੧੯ ॥
ਤਨ ਕੇ ਬੰਸ ਬਿਖੈ ਰਘੁ ਭਯੋ ॥
ਾਘੁਬੰਸਹਿ ਜਿਹ ਜਗਹਿ ਜਲਾਯੋ ॥
ਾ ਤੇ ਪੂਤ੍ਰ ਹੋਤ ਭਯੋ ਅਜ ਬਰ[1] ॥
ਾਹਾਰਥੀ ਅਰ ਮਹਾ [2]ਧਨੁਰਧਰ ॥ ੨੦ ॥
ਾਬ ਤਿਨ ਭੇਸ ਜੋਗ ਕੋ ਲਯੋ ॥
ਾਜ ਪਾਟ ਦਸਰਥ ਕੋ ਦਯੋ ॥
ਾਤ ਭਯੋ ਵਹ ਮਹਾ ਧਨੁਰ ਧਰ ॥
ਾਨ ਤ੍ਰਿਆਨ[3] ਬਰਾ[4] ਜਿਹ ਰੁਚਿ ਕਰ ॥੨੧॥
ਪ੍ਰਥਮ ਜਯੋ[5] ਤਿਹ ਰਾਮ ਕੁਮਾਰਾ ॥
ਾਰਥ ਲੱਛਮਨ ਸਤ੍ਰ ਬਿਦਾਰਾ[6] ॥
ਾਹੁਤ ਕਾਲ ਤਿਨ ਰਾਜ ਕਮਾਯੋ ॥
ਾਲ ਪਾਇ ਸੁਰਪੁਰਹਿ ਸਿਧਾਯੋ ॥ ੨੨ ॥
ਾਅ ਸੁਤ ਬਹੁਰ ਭਏ ਦੁਇ ਰਾਜਾ ॥
ਾਜ ਪਾਟ ਉਨ ਹੀ ਕਉ ਛਾਜਾ ॥

---

੧ਅਜ ਨਾਮੇ ਸ੍ਰੇਸ਼ਟ ਰਾਜਾ । ੨ਧਨੁਖ ਧਾਰੀ । ੩ਇਸਤ੍ਰੀਆਂ ਨੇ ।
:ਰਿਆ । ੫ ਪੈਦਾ ਕੀਤਾ । ੬ਸ਼ਤਰੂਘਨ ।

 www.sikhbookclub.com

ਮੱਦ੍[1] ਦੇਸ ਏਸ੍ਵਰਜਾ[2] ਬਰੀ ਜਬ ॥
ਭਾਂਤਿ ਭਾਂਤਿ ਕੇ ਜੱਗ ਕੀਏ ਤਬ ॥੨੩॥

ਤਹੀ ਤਿਨੇ ਬਾਧੇ ਦੁਇ ਪੁਰਵਾ[3] ॥
ਏਕ ਕਸੂਰ ਦੁਤੀਯ ਲਹੁਰਵਾ ॥
ਅਧਿਕਪੁਰੀ ਤੇ ਦੋਊ ਬਿਰਾਜੀ ॥
ਨਿਰਖ ਲੰਕ ਅਮਰਾਵਤਿ[4] ਲਾਜੀ ॥੨੪॥

ਬਹੁਤ ਕਾਲ ਤਿਨ ਰਾਜ ਕਮਾਯੋ ॥
ਜਾਲ ਕਾਲ ਕੇ ਅੰਤ ਫਸਾਯੋ ॥
ਤਿਨ ਤੇ ਪੁੱਤ੍ਰ ਪੌਤ੍ਰ ਜੇ ਹੂਏ ॥
ਰਾਜ ਕਰਤ ਇਹ ਜਗ ਕੋ ਭਏ ॥੨੫॥

ਕਹਾ ਲਗੇ ਤੇ ਬਰਨ ਸੁਨਾਊਂ ॥
ਤਿਨ ਕੇ ਨਾਮ ਨ ਸੰਖਜਾ ਪਾਊਂ ॥
ਹੋਤ ਚਹੂੰ ਜੁਗ ਮੈਂ ਜੇ ਆਏ ॥
ਤਿਨ ਕੇ ਨਾਮ ਨ ਜਾਤ ਗਨਾਏ ॥੨੬॥

ਜੌ ਅਬ ਤਉ ਕਿਰਪਾ ਬਲ ਪਾਊਂ ॥

---

੧ਪੰਜਾਬ। ੨ਰਾਜ ਪੁਤ੍ਰੀਆਂ। ੩ਸ਼ਹਿਰ। ੪ਇੰਦਰ ਪੁਰੀ
੪ਗਿਣਤੀ।

 www.sikhbookclub.com

ਨਾਮ ਜਥਾ ਮਤਿ ਭਾਖ ਸੁਨਾਊਂ ॥
ਕਾਲ ਕੇਤੁ ਅਰ ਕਾਲ ਰਾਇ ਭਨ ॥
ਜਿਨ ਤੇ ਭਏ ਪੁਤ੍ਰ ਘਰ ਅਨਗਨ[1] ॥੨੭॥
ਕਾਲ ਕੇਤੁ ਭਯੋ ਬਲੀ ਅਪਾਰਾ ॥
ਕਾਲਰਾਇ ਜਿਨਿ ਨਗਰ ਨਿਕਾਰਾ ॥
ਭਾਜ ਸਨੌਢ[2] ਦੇਸ ਤੇ ਗਏ ॥
ਤਹੀ ਭੂਪਜਾ[3] ਬਿਆਹਤ ਭਏ ॥੨੮॥
ਤਿਹ ਤੇ ਪੁਤ੍ਰ ਭਯੋ ਜੋ ਧਾਮਾ ॥
ਸੋਢੀ ਰਾਇ ਧਰਾ ਤਿਹਿ ਨਾਮਾ ॥
ਵੰਸ ਸਨੌਢ ਤਾ ਦਿਨ ਤੇ ਥੀਆ ॥
ਪਰਮ ਪਵਿਤ੍ਰ ਪੁਰਖ ਜੂ ਕੀਆ ॥੨੯॥
ਤਾਂ ਤੇ ਪੁਤ੍ਰ ਪੌਤ੍ਰ ਹੋਇ ਆਏ ॥
ਤੇ ਸੋਢੀ ਸਭ ਜਗਤ ਕਹਾਏ ॥
ਜਗ ਮੈ ਅਧਿਕ ਸੁ ਭਏ ਪ੍ਰਸਿੱਧਾ ॥
ਦਿਨ ਦਿਨ ਤਿਨ ਕੇ ਧਨ ਕੀ ਬ੍ਰਿੱਧਾ ॥੩੦॥

---

੧ਅਣ-ਗਿਣਤ। ੨ਮਥਰਾ ਭਰਤਪੁਰ ਤੋਂ ਲੈ ਕੇ ਅਮਰ ਕੋਟ ਤਕ ਦਾ ਦੇਸ਼। ੩ਰਾਜ ਪੁਤ੍ਰੀ।

ਾਜ ਕਰਤ ਭਏ ਬਿਬਿਧ ਪ੍ਰਕਾਰਾ ॥
ੇਸ ਦੇਸ ਕੇ ਜੀਤ ਨ੍ਰਿਪਾਰਾ ॥
ਹਾਂ ਤਹਾਂ ਤਿਹ ਧਰਮ ਚਲਾਯੋ ॥
ਅੱਤ੍ਰ ਪੱਤ੍ਰ ਕਹ ਸੀਸ ਢੁਰਾਯੋ ॥੩੧॥

ਾਜਸੂਅ[2] ਬਹੁ ਬਾਰਨ ਕੀਏ ॥
ੀਤ ਜੀਤ ਦੇਸੇਸ੍ਵਰ[3] ਲੀਏ ॥
ਾਜਮੇਧ[4] ਬਹੁ ਬਾਰਨ[5] ਕਰੇ ॥
ਕਲ ਕਲੂਖ[6] ਨਿਜ ਕੁਲ ਕੇ ਹਰੇ ॥੩੨॥

ਹੁਰ ਬੰਸ ਮੈਂ ਬਢੋ ਬਿਖਾਧਾ[7] ॥
ੇਟ ਨ ਸਕਾ ਕੋਊ ਤਿਂਹ ਸਾਧਾ[8] ॥
ੰਚਰੇ ਬੀਰ ਬਨੈਤ[9] ਅਖੰਡਲ ॥
ਹਿ ਗਹਿ ਚਲੇ ਭਿਰਨ ਰਨ ਮੰਡਲ ॥੩੩॥

[10]ਧਨ ਅਰ ਭੂਮਿ ਪੁਰਾਤਨ ਬੈਰਾ ॥

---

੧ਛਤ੍ਰ ਸਿਰ ਪੁਰ ਝੁਲਾਇਆ। ੨ਰਾਜਸੂਅ ਯੱਗ ਇਹ ਇਕ ਕਿਸਮ ਯੱਗ ਹੈ। ੩ਤਾਜੇ। ੪ਅਸ੍ਵਮੇਧ ਜੱਗ, ਉਹ ਜੱਗ ਜਿਸ ਵਿਚ ਘੋੜੇ ਦੀ ਲੀ ਦਿੱਤੀ ਜਾਂਦੀ ਹੈ। ੫ ਬਹੁਤ ਵਾਰੀ। ੬ਪਾਪ। ੭ਝਗੜਾ। ਭਲਾ ਪੁਰਸ਼। ੯ਤੀਰ ਮਾਰ। ੧੦ਧਨ ਤੇ ਧਰਤੀ ਹੀ ਵੈਰ ਦਾ ਮੁੱਢ ਹੈ।

[1]ਜਿਨ ਕਾ ਮੂਆ ਕਰਤ ਜਗ ਘੇਰਾ ॥
ਮੋਹ ਬਾਦ ਅਹੰਕਾਰ ਪਸਾਰਾ[1] ॥
ਕਾਮ ਕ੍ਰੋਧ ਜੀਤਾ ਜਗ ਸਾਰਾ ॥੩੪॥

ਦੋਹਰਾ ॥

ਧੰਨਿ ਧੰਨਿ ਧਨ ਕੋ ਭਾਖੀਐ
ਜਾ ਕਾ ਜਗਤੁ ਗੁਲਾਮ ॥
ਸਭ ਨਿਰਖਤ ਯਾ ਕੋ ਫਿਰੈ
ਸਭ ਚਲ ਕਰਤ ਸਲਾਮ ॥੩੫॥

ਚੌਪਈ ॥

[2]ਕਾਲ ਨ ਕੋਊ ਕਰਨ ਸੁਮਾਰਾ ॥
ਬੈਰ ਬਾਦ ਅਹੰਕਾਰ ਪਸਾਰਾ ॥
[3]ਲੋਭ ਮੂਲ ਇਹਿ ਜਗ ਕੋ ਹੂਆ ॥
[4]ਜਾ ਸੋ ਚਾਹਤ ਸਭੈ ਕੋ ਮੂਆ ॥੩੬॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ ਸੁਭ ਬੰਸ ਬਰਨਨੰ ਨਾਮ ਦੁਤੀਆ ਧਿਆਇ ਸਮਾਪਤ ਸਤੁ ਸੁਭ ਮਸਤੁ ॥ ੨ ॥ ਅਫਜੂੰ ॥ ੩੭॥

---

੧ਜਿਨ੍ਹਾਂ ਪੁਰ (ਘੇਰਾ) ਕਬਜ਼ਾ ਕਰਦਾ-ਕਰਦਾ ਜਗਤ ਮਰ ਗਿਆ ੨ ਕਾਲ ਦੀ ਕੋਈ ਗਿਣਤੀ (ਪ੍ਰਵਾਹ) ਹੀ ਨਹੀਂ ਕਰਦੇ । ੩ ਜਗਤ ਮੁੱਢੋਂ ਹੀ ਲੋਭ ਹੋਇਆ ਹੈ । ੪ ਜਿਸ ਨੂੰ ਚਾਹੁੰਦਿਆਂ-ਚਾਹੁੰਦਿਆਂ ਸਭ ਕੋਈ ਮਰ ਗਿਆ ਹੈ ।

ਭੁਜੰਗ ਪ੍ਰਯਾਤ ਛੰਦ ।

ਰਚਾ ਬੈਰ ਬਾਦੰ ਬਿਧਾਤੇ ਅਪਾਰੰ ॥
ਜਿਸੈ ਸਾਧ ਸਾਕਿਓ ਨ ਕੋਊ ਸੁਧਾਰੰ ॥
[1]ਬਲੀ ਕਾਮ ਰਾਯੰ ਮਹਾ ਲੋਭ ਮੋਹੰ ॥
[2]ਗਯੋ ਕਉਨ ਬੀਰੰ ਸੁ ਯਾ ਤੇ ਅਲੋਹੰ ॥੧॥
ਤਹਾਂ ਬੀਰ ਬੰਕੇ ਬਕੈ[3] ਆਪ ਮੱਧੰ ॥
ਉਠੇ ਸਸਤ੍ਰ ਲੇ ਲੈ ਮਚਾ ਜੁੱਧ ਸੁੱਧੰ ॥
ਕਹੂੰ ਖੱਪਰੀ[4] ਖੋਲ[5] ਖੰਡੇ ਅਪਾਰੰ ॥
ਨਚੇ ਬੀਰ ਬੈਤਾਲ [6]ਡਉਰੂ ਡਕਾਰੰ ॥੨॥
ਕਹੂੰ ਈਸ[7] ਸੀਸੰ ਪੁਐ[8] ਰੁੰਡ ਮਾਲੰ ॥
ਕਹੂੰ [9]ਡਾਕ ਡਉਰੂ ਕਹੂੰ ਕੰਬਿਤਾਲੰ ॥
ਚਵੀ[10] ਚਾਵਡੀਅੰ[11] ਕਿਲੰਕਾਰ ਕੰਕੰ[12] ॥
ਗੁਥੀ ਲੁੱਥ ਜੁੱਥੰ ਬਹੇ ਬੀਰ ਬੰਕੰ ॥੩॥

---

੧ ਕਾਮ ਰਾਜਾ ਤੇ ਲੋਭ, ਮੋਹ ਮਹਾਂ ਸੂਰਬੀਰ ਹਨ । ੨ਕੌਣ ਬਹਾਦਰ ਹੈ ਜੋ ਇਹਨਾਂ ਦੇ (ਅਲੋਹ) ਵਾਰ ਤੋਂ ਬਚਿਆ ਹੋਵੇ । ੩ ਆਪਸ ਵਿਚ ਗਾਲੀ ਗਲੋਚ ਬੋਲਦੇ ਹਨ । ੪ ਚੌੜੇ ਫਲ ਵਾਲੇ ਤੀਰ । ੫ ਜੰਜੋਆਂ ਤੇ ਲੋਹੇ ਦੇ ਟੋਪ । ੬ ਬਕਵਾਦੀ ਡਕਾਰ ਮਾਰਦੇ ਹਨ । ੭ ਸ਼ਿਵਜੀ । ੮ ਪੈਂਦਾ ਹੈ । ੯ ਭੂਤਨੇ ਡਕਾਰਦੇ ਹਨ ਤੇ ਬੈਤਾਲ ਕੂਕਦੇ ਹਨ । ੧੦ ਬੋਲਦੀਆਂ । ੧੧ਇੱਲਾਂ । ੧੨ ਇਕ ਪੰਛੀ ।


www.sikhbookclub.com

ਪਰੀ ਕੁੱਟ ਕੁੱਟੰ ਰੁਲੇ ਤੱਛ ਮੁੱਛੰ ॥
ਰਹੇ ਹਾਥ ਡਾਰੇ ਉਭੈ ਉਰਧ ਮੁੱਛੰ ॥
ਕਹੂੰ ਖੋਪਰੀ ਖੋਲ ਖਿੰਗੰ[੧] ਪਤੰਗੰ[੨] ॥
ਕਹੂੰ ਖਤ੍ਰੀਯੰ ਖੱਗ ਖੇਤੰ ਨਿਖੰਗੰ ॥ ੪ ॥

ਚਵੀ ਚਾਂਵਡੀ ਡਾਕਨੀ ਡਾਕ[੩] ਮਾਰੇ ॥
ਕਹੂੰ ਭੈਰਵੀ ਭੂਤ ਭੈਰੋਂ ਬਕਾਰੇ ॥
ਕਹੂੰ ਬੀਰ ਬੈਤਾਲ ਬੰਕੇ ਬਿਹਾਰੰ[੪] ॥
ਕਹੂੰ ਭੂਤ ਪ੍ਰੇਤੰ ਹਸੇ ਮਾਸਹਾਰੰ[੫] ॥ ੫ ॥

ਰਸਾਵਲ ਛੰਦ ॥

ਮਹਾਂਬੀਰ ਗੱਜੇ ॥ ਸੁਣੇ ਮੇਘ ਲੱਜੇ ॥
ਝੰਡਾ ਗੱਡ ਗਾਢੇ ॥ ਮੰਡੇ ਰੋਸ ਬਾਢੇ ॥ ੬ ॥
ਕ੍ਰਿਪਾਣੰ ਕਟਾਰੰ ॥ ਭਿਰੇ ਰੋਸ ਧਾਰੰ ॥
ਮਹਾਂਬੀਰ ਬੰਕੰ ॥ [੬]ਭਿਰੇ ਭੂਮ ਹੰਕੰ ॥ ੭ ॥
ਮਚੇ ਸੂਰ ਸਸਤ੍ਰੰ ॥ ਉਈਝਾਰ[੭] ਅਸਤ੍ਰੰ ॥

---

੧ਘੋੜਾ । ੨ਤੀਰ । ੩ਡਕਾਰ । ੪ਫਿਰਦੇ ਹਨ । ੫ ਮਾਸ ਖਾਣ ਵਾਲੇ । ੬ਲੜਦਿਆਂ ਜ਼ਮੀਨ ਨੂੰ ਕੰਬਾ ਦਿੱਤਾ । ੭ਝਲਕ, ਇਕੱਠੇ ਸ਼ਸਤ੍ਰ ਝਾੜਨੇ (ਮਾਰਨੇ) ।

ਕ੍ਰਿਪਾਣੰ ਕਟਾਰੰ ॥ ਪਰੀ ਲੋਹ ਮਾਰੰ ॥ ੮ ॥

ਭੁਜੰਗ ਪ੍ਰਯਾਤ ਛੰਦ ॥

ਹਲੱਬੀ[1] ਜੁਨੱਬੀ[2] ਸਰੋਹੀ ਦੁਧਾਰੀ ॥
ਬਹੀ ਕੋਪ ਕਾਤੀ ਕ੍ਰਿਪਾਣੰ ਕਟਾਰੀ ॥
ਕਹੂੰ [3]ਸੈਹਥੀਅੰ ਕਹੂੰ ਸੁੱਧ ਸੇਲੰ ॥
ਕਹੂੰ ਸੇਲ ਸਾਰੀ ਭਈ [4]ਰੇਲ ਪੇਲੰ ॥ ੯ ॥

ਨਰਾਜ ਛੰਦ ॥

ਸਰੋਖ ਸੂਰ ਸਾਜਿਅੰ ॥
ਬਿਸਾਰ ਸੰਕ ਬਾਜਿਅੰ ॥
ਨਿਸੰਕ ਸ਼ਸਤ੍ਰ ਮਾਰਹੀ ॥
ਉਤਾਰ ਅੰਗ ਡਾਰਹੀ ॥ ੧੦ ॥

ਕਛੂ ਨ ਕਾਨ ਰਾਖਹੀਂ ॥
ਸੁ ਮਾਰ ਮਾਰ ਭਾਖਹੀਂ ॥
[6]ਸੁ ਹਾਂਕ ਹਾਠ ਰੇਲਯੰ ॥
ਅਨੰਤ ਸਸਤ੍ਰ ਝੇਲਯੰ ॥ ੧੧ ॥

---

੧ਹਲਬ ਸ਼ਹਿਰ ਵਿਚ ਬਣੀ ਤਲਵਾਰ । ੨ਜਨਬ ਸ਼ਹਿਰ ਦੀ ਬਣੀ ਤਲਵਾਰ । ੩ਬਰਛੀ । ੪ਧੱਕ-ਮ-ਧੱਕਾ । ੫ ਗੁੱਸੇ ਸਹਿਤ । ੬ਜੋਧੇ ਲਲਕਾਰ ਕੇ ਧਕੇਲਦੇ ਹਨ ।

 www.sikhbookclub.com

ਹਾਜਰ ਹੂਰ ਅੰਬਰੰ[੧] ॥
[੨]ਬਿਰੁੱਧ ਕੈ ਸੂਯੰਬਰੰ ॥
ਕਰੂਰ ਭਾਂਤ ਡੋਲਹੀ ॥
ਸੁ ਮਾਰ ਮਾਰ ਮਾਰ ਬੋਲਹੀ ॥ ੧੨ ॥

ਕਹੂੰ ਕਿ ਅੰਗ ਕੱਟੀਅੰ ॥
ਕਹੂੰ ਸੁਰੋਹ[੩] ਪੱਟੀਅੰ ॥
ਕਹੂੰ ਸੁ ਮਾਸ ਮੁੱਛੀਅੰ ॥
ਗਿਰੇ ਸੁ ਤੱਛ ਮੁੱਛੀਅੰ ॥ ੧੩ ॥

ਢਮੱਕ ਢੋਲ ਢਾਲਯੰ ॥
[੪]ਹਰੋਲ ਹਾਲ ਚਾਲਯੰ ॥
ਝਟਾਕ ਝਟ ਬਾਹੀਅੰ ॥
ਸੁ ਬੀਰ ਸੈਨ ਗਾਹੀਅੰ[੫] ॥ ੧੪ ॥

ਨਵੰ ਨਿਸਾਨ ਬਾਜਿਅੰ ॥
ਸੁਬੀਰ ਧੀਰ ਗਾਜਿਅੰ ॥

---

੧ਅਕਾਸ਼ ਵਿਚ । ੨ਹੂਰਾਂ ਅੱਗੇ ਹੋ ਕੇ ਸੂਰਮਿਆਂ ਨੂੰ ਵਰਦੀਆਂ ਹਨ । ੩ਕੇਸ ਵਾਲ । ੪ਫੌਜ ਦਾ ਮੋਹਰਲਾ ਹਿੱਸਾ ਹਿਲ ਚਲਿਆ । ੫ ਲਤਾੜਨਾ ।

ਕ੍ਰਿਪਾਣ ਬਾਣ ਬਾਹਹੀ ॥
[1]ਅਜਾਤ ਅੰਗ ਲਾਹਹੀ ॥ ੧੫ ॥

[2]ਬਿਰੁੱਧ ਕ੍ਰੁੱਧ ਰਾਜਿਯੰ ॥
ਨ ਚਾਰ ਪੈਰ ਭਾਜਿਯੰ ॥
ਸੰਭਾਰ ਸਸਤ੍ਰ ਗਾਜਹੀ ॥
ਸੁ ਨਾਦ ਮੇਘ ਲਾਜਹੀ ॥ ੧੬ ॥

[3]ਹਲੰਕ ਹਾਕ ਮਾਰਮੀ ॥
ਸਰੱਕ ਸਸਤ੍ਰ ਝਾਰਹੀ ॥
ਭਿਰੇ ਬਿਸਾਰਿ ਸੋਕਿਯੰ ॥
ਸਿਧਾਰ ਦੇਵ ਲੋਕਿਯੰ ॥ ੧੭ ॥

ਰਿਸੇ ਬਿਰੁੱਧ ਬੀਰਯੰ ॥
ਸੁ ਮਾਰਿ ਝਾਰਿ ਤੀਰਯੰ ॥
ਸਬਦ ਸੰਖ ਬੱਜਿਯੰ ॥
ਸੁ ਬੀਰ ਧੀਰ ਸੱਜਿਯੰ ॥ ੧੮ ॥

---

੧ਅਛੋਪਲੇ ਹੀ । ੨ਜੰਗ ਵਿਚ ਰੋਹ ਨਾਲ ਸਜ ਰਹੇ ਹਨ ।
੩ਹੌਲਨਾਕ ਲਲਕਾਰਾ ਮਾਰਦੇ ਹਨ ।

ਰਸਾਵਲ ਛੰਦ

ਤੁਰੀ ਸੰਖ ਬਾਜੇ ॥ ਮਹਾਬੀਰ ਸਾਜੇ ॥
ਨਚੇ ਤੁੰਦ[੧] ਤਾਜੀ ॥ ਮਚੇ ਸੂਰ ਗਾਜੀ ॥੧੯॥

ਝਿਮੀ[੨] ਤੇਜ ਤੇਗੰ ॥ ਮਨੋ ਬਿੱਜ[੩] ਬੇਗੰ ॥
ਉਠੈ ਨੱਦ[੪] ਨਾਦੰ[੫] ॥ ਧੁਨੰ ਨ੍ਰਿਬਿਖਾਦੰ ॥੨੦॥

ਤੁਟੈ ਖੱਗ ਖੋਲੰ ॥ ਮੁਖੰ ਮਾਰ ਬੋਲੰ ॥
ਧਕਾ ਧੀਕ ਧੱਕੰ ॥ ਗਿਰੇ ਹੱਕ ਬੱਕੰ ॥੨੧॥

ਦਲੰ ਦੀਹ[੬] ਗਾਹੰ[੭] ॥ ਅਧੋ ਅੰਗ ਲਾਹੰ ॥
[੮]ਪ੍ਰਯੋਘੰ ਪ੍ਰਹਾਰੰ ॥ ਬਕੈ ਮਾਰ ਮਾਰੰ ॥੨੨॥
ਨਦੀ ਰਕਤ[੯] ਪੂਰੰ ॥ ਫਿਰੀ ਗੈਣ[੧੦] ਹੂਰੰ ॥
ਗਜੈ ਗੈਣ ਕਾਲੀ॥ ਹਸੀ ਖੱਪਰਾਲੀ[੧੧] ॥੨੩॥

ਮਹਾ ਸੂਰ ਸੋਹੰ ॥ ਮੰਡੇ ਲੋਹ ਕ੍ਰੋਹੰ ॥
ਮਹਾਂ ਗਰਬਗਜਿਯੰ॥ਧੁਨੰ ਮੇਘਲਜਿਯੰ॥੨੪॥
[੧੨]ਛਕੇ ਲੋਹ ਛੱਕੰ ॥ ਮੁਖੰ ਮਾਰ ਬੱਕੰ ॥

---

੧ਤੇਜ਼ ਘੋੜੇ। ੨ਚਮਕੀ। ੩ਬਿਜਲੀ। ੪ਧੌਂਸੇ। ੫ ਆਵਾਜ਼। ੬ਵੱਡ। ੭ਲਤਾੜਦੇ ਹਨ। ੮ਬਹੁਤੇ ਤੀਰ ਮਾਰਦੇ ਹਨ। ੯ਲਹੂ। ੧੦ਅਕਾਸ਼। ੧੧ਖਪਰ ਵਾਲੀ। ੧੨ਸ਼ਸਤ੍ਰਾਂ ਦੀ ਸਜਾਵਟ ਨਾਲ ਸਜੇ ਹੋਏ ਹਨ।

 www.sikhbookclub.com

ਮੁਖੰ ਮੁੱਛ ਬੰਕੰ ॥ ਭਿਰੇ ਛਾਡ ਸੰਕੰ ॥੨੫॥
[1]ਹਕੰ ਹਾਕ ਬਾਜੀ ॥ ਘਿਰੀ ਸੈਣ ਸਾਜੀ ॥
[2]ਚਿਰੇ ਚਾਰ ਢੂਕੇ ॥ ਮੁਖੰ ਮਾਰ ਕੂਕੇ ॥੨੬॥
ਰੁਕੇ ਸੂਰ ਸਾਂਗੰ ॥ ਮਨੋ ਸਿੰਧ ਗੰਗੰ ॥
[3]ਢਹੇ ਢਾਲ ਢੱਕੰ ॥ ਕ੍ਰਿਪਾਣੰ ਕੱੜਕੰ ॥੨੭॥
ਹਕੰ ਹਾਕ ਬਾਜੀ ॥ ਨਚੇ ਤੁੰਦ ਤਾਜੀ ॥
ਰਸੰ ਰੁਦ੍ਰ ਪਾਗੇ ॥ ਭਿਰੇ ਰੋਸ ਜਾਗੇ ॥੨੮॥
ਗਿਰੇ ਸੁੱਧ ਸੇਲੰ ॥ ਭਈ ਰੇਲ ਪੇਲੰ ॥
ਪਲੰਹਾਰ[4] ਨਚੇ ॥ ਰਣੰ ਬੀਰ ਮੱਚੇ ॥੨੯॥
ਹਸੇ ਮਾਸਹਾਰੀ ॥ ਨਚੇ ਭੂਤ ਭਾਰੀ ॥
ਮਹਾ ਢੀਠ[5] ਢੂਕੇ[6] ॥ ਮੁਖੰ ਮਾਰ ਕੂਕੇ ॥੩੦॥
ਗਜੈ ਗੈਣ ਦੇਵੀ ॥ [7]ਮਹਾ ਅੰਸ ਭੇਵੀ ॥
ਭਲੇ ਭੂਤ ਨਾਚੰ ॥ ਰਸੰ ਰੁਦ੍ਰ ਰਾਚੰ ॥੩੧॥
ਭਿਰੇ ਬੈਰ ਰੁੱਝੈ ॥ ਮਹਾ ਜੋਧ ਜੁੱਝੈ[8] ॥

---

੧ਲਲਕਾਰੇ ਤੇ ਲਲਕਾਰਾ ਵਜਦਾ ਹੈ। ੨ਚਿੜ੍ਹ ਕੇ ਚੁਫੇਰਿਉਂ ਢੁਕਦੇ ਹਨ। ੩ਢਾਲ ਰੂਪ ਢਕਣ ਦਾ ਆਸਰਾ ਲੈ ਕੇ। ੪ਮਾਸ ਖਾਣ ਵਾਲੇ। ੫ ਹਠੀਏ। ੬ਢੁਕਦੇ, ਅੱਗੇ ਵਧਦੇ ਹਨ। ੭ਜੋ ਮਹਾਨ ਅੰਸ਼ ਤੋਂ ਹੋਈ ਹੈ। ੮ਲੜਦੇ ਮਰਦੇ ਹਨ।

 www.sikhbookclub.com

ਝੰਡਾ ਗੱਡ ਗਾਢੇ ॥ ਬਜੇ ਬੈਰ ਬਾਢੇ ॥੩੨॥
[1]ਗਜੰ ਗਾਹ ਬਾਧੇ ॥ ਧਨੁਰ ਬਾਣ ਸਾਧੇ ॥
[2]ਬਹੇ ਆਪ ਮੱਧੰ ॥ ਗਿਰੇ ਅੱਧ ਅੱਧੰ ॥੩੩॥

ਗਜੰ ਬਾਜ ਜੁੱਝੇ ॥ ਬਲੀ ਬੈਰ ਰੁੱਝੇ ॥
ਨ੍ਰਿਭੈ ਸਸਤ੍ਰ ਬਾਹੈਂ ॥ ਉਭੈ ਜੀਤ ਚਾਹੈਂ ॥੩੪॥

ਗਜੇ ਆਨ ਗਾਜੀ ॥ ਨਚੇ ਤੁੰਦ ਤਾਜੀ ॥
ਹਕੰ ਹਾਕ ਬਜੀ ॥ ਫਿਰੈ ਸੈਣ ਭੱਜੀ ॥੩੫॥

ਮਦੰ ਮੱਤ ਮਾਤੇ ॥ ਰਸੰ ਰੁਦ੍ਰ ਰਾਤੇ ॥
[3]ਗਜੰ ਜੂਹ ਸਾਜੇ ॥ ਭਿਰੇ ਰੋਸ ਬਾਜੇ ॥੩੬॥

ਝਮੀ[4] ਤੇਜ਼ ਤੇਗੰ ॥ [5]ਘਣੰ ਬਿਜ ਬੇਗੰ ॥
ਬਹੇ ਬਾਰ ਬੈਰੀ ॥ ਜਲੰ ਜਯੋ ਗੰਗੈਰੀ[6] ॥੩੭॥

ਅਪੋ ਆਪ ਬਾਹੰ ॥ ਉਭੈ ਜੀਤ ਚਾਹੰ ॥
ਰਸੰ ਰੁਦ੍ਰ ਰਾਤੇ ॥ ਮਹਾਂ ਮੱਤ ਮਾਤੇ ॥੩੮॥

---

੧ਸਿਰ ਤੇ ਗਜਗਾਹ (ਜਿਗ੍ਹਾ ਦੀ ਤਰ੍ਹਾਂ ਦਾ ਇਕ ਭੂਖਨ) ਬੱਧਾ ਹੋਇਆ। ੨ਆਪਸ ਵਿਚ ਚਲਾਉਂਦੇ ਹਨ। ੩ਹਾਥੀਆਂ ਦੇ ਝੁੰਡ ਸਜੇ ਹੋਏ ਹਨ। ੪ਚਮਕੀ। ੫ ਬਿਜਲੀ ਦੇ ਵੇਗ ਵਾਂਗ। ੬ਪਾਣੀ ਤੇ ਬੜੀ ਤੇਜ਼ੀ ਨਾਲ ਫਿਰਨ ਵਾਲਾ ਜੀਵ।

 www.sikhbookclub.com

ਭੁਜੰਗ ਪ੍ਰਯਾਤ ਛੰਦ ।

ਮਚੇ[੧] ਬੀਰ ਬੀਰੰ [੨]ਅਭੂਤੰ ਭਯਾਣੰ ॥
[੩]ਬਜੀ ਭੇਰ ਭੁੰਕਾਰ ਧੁੱਕੇ ਨਿਸਾਣੰ ॥
ਨਵੰ ਨੱਦ ਨੀਸਾਣ ਗੱਜੇ ਗਹੀਰੰ ॥
ਫਿਰੈ ਰੁੰਡ ਮੁੰਡੰ ਤਨੰ ਤੱਛ ਤੀਰੰ ॥੩੯॥

[੪]ਬਹੇ ਖੱਗ ਖੇਤੰ ਖਿਆਲੰ ਖਤੰਗੰ ॥
ਰੁਲੇ ਤੱਛ ਮੁੱਛੰ ਮਹਾ ਜੋਧ ਜੰਗੰ ॥
ਬੰਧੇ ਬੀਰ ਬਾਨਾ[੭] ਬਡੇ ਐਂਠਿ ਵਾਰੇ ॥
ਘੁਮੈ [੮]ਲੋਹ ਘੁੱਟੰ ਮਨੋ ਮਤਵਾਰੇ ॥੪੦॥

ਉਠੀ ਕੂਹ[੯] ਜੂਹੰ[੧੦] ਸਮਰ[੧੧] [੧੨]ਸਾਰ ਬੱਜਿਅੰ ॥
ਕਿਧੋ ਅੰਤ ਕੇ ਕਾਲ ਕੋ ਮੇਘ ਗੱਜਿਯੰ ॥
ਭਈ ਤੀਰ ਭੀਰੰ ਕਮਾਣੰ ਕੜੱਕਿਅੰ ॥
ਬਜੇ ਲੋਹ ਕ੍ਰੋਹੰ ਮਹਾਂ ਜੰਗ ਮੱਚਿਯੰ ॥੪੧॥

---

੧ਲਤਦੇ ਹਨ । ੨ਅਸਚਰਜ ਤੇ ਡਰੌਣੇ । ੩ਭੂੰ ਭੂੰ ਕਰਕੇ ਭੇਰੀ ਵੱਜੀ ਤੇ ਧੌਂਸੇ ਗਰਜੇ । ੪ਰਣ ਭੂਮੀ ਵਿਚ ਤਲਵਾਰ ਚਲਦੀ ਹੈ ਤੇ ਕਈ ਤੀਰ ਚਲਾਉਣ ਦਾ ਖਿਆਲ ਕਰਦੇ ਹਨ । ੫ ਤੀਰ । ੬ਕਟੇ ਵਡੇ ਹੋਏ ਰੁਲਦੇ ਹਨ । ੭ਤੀਰ ਰੱਖਣ ਵਾਲਾ ਭੱਥਾ । ੮ਲੋਹੇ ਨਾਲ ਮੜ੍ਹੇ ਹੋਏ । ੯ਕੂਕਾਂ, ਰੌਲਾ । ੧੦ਬਹੁਤਾ । ੧੧ਯੁੱਧ ਵਿਚ ੧੨ਲੋਹੇ ਪੁਰ ਲੋਹਾ ਵੱਜਿਆ।

 www.sikhbookclub.com

ਬਿਰੱਚੇ ਮਹਾਂ ਜੰਗ ਜੋਧਾ ਜੁਆਣੰ ॥
ਖੁਲੇ ਖੱਗ ਖਤ੍ਰੀ[1] ਅਭੂਤੰ ਭਯਾਣੰ ॥
ਬਲੀ ਜੁੱਝ ਰੁੱਝੈ ਰਸੰ ਰੁਦ੍ਰ ਰੱਤੇ ॥
[2]ਮਿਲੇ ਹੱਥ ਬੱਖੰ ਮਹਾ ਤੇਜ ਤੱਤੇ ॥੪੨॥
[3]ਝਮੀ ਤੇਜ ਤੇਗੰ ਸੁ ਰੋਸੰ ਪ੍ਰਹਾਰੰ ॥
ਰੁਲੇ ਰੁੰਡ ਮੁੰਡੰ ਉਠੀ ਸਸਤ੍ਰ ਝਾਰੰ ॥
ਬਬਕੰਤ[4] ਬੀਰੰ [5]ਭਭਕੰਤ ਘਾਯੰ ॥
ਮਨੋ ਜੁੱਧ ਇੰਦ੍ਰੰ ਜੁਟਿਓ ਬ੍ਰਿਤਰਾਯੰ[6] ॥੪੩॥
ਮਹਾਂ ਜੁੱਧ ਮੱਚਿਯੰ ਮਹਾ ਸੂਰ ਗਾਜੇ ॥
ਆਪੋ ਆਪ ਮੈਂ ਸਸਤ੍ਰ ਸੋਂ ਸਸਤ੍ਰ ਬਾਜੇ॥
ਉਠੇ ਝਾਰ ਸਾਂਗੰ ਮਚੇ ਲੋਹ ਕ੍ਰੋਹੰ ॥
ਮਨੋ ਖੇਲ ਬਾਸੰਤ ਮਾਹੰਤ ਸੋਹੰ ॥੪੪॥

ਰਸਾਵਲ ਛੰਦ ॥

ਜਿਤੇ ਬੈਰ ਰੁੱਝੈਂ ॥ ਤਿਤੇ ਅੰਤ ਜੁੱਝੈਂ ॥
ਜਿਤੇ ਖੇਤ ਭਾਜੇ ॥ ਤਿਤੇ ਅੰਤ ਲਾਜੇ ॥੪੫॥

---

੧ਸੂਰਮੇ। ੨ਬੀਰਾਂ ਨੇ ਬੱਖੀਆਂ ਵਿਚ ਹੱਥ ਪਾਏ ਹੋਏ ਹਨ, (ਕੁਸਤੀ ਹੋ ਰਹੀ ਹੈ)। ਜੋ (ਬੀਰ ਅੱਗ ਕੋਲੋਂ ਭੀ ਤੱਤੇ ਹਨ)। ੩ਚੱਮਕੀ। ੪ਬੋਲਦੇ ਹਨ। ੫ ਘਾਵਾਂ ਵਿਚੋਂ ਲਹੂ ਵਗਦਾ ਹੈ। ੬ਦੈਂਤ ਦਾ ਨਾਮ ਹੈ।

ਤੁਟੇ ਦੇਹ ਬਰਮੰ[੧] ॥ ਛੁਟੀ ਹਾਥ ਚਰਮੰ[੨] ॥
ਕਹੂੰ ਖੇਤ ਖੋਲੰ ॥ ਗਿਰੇ ਸੂਰ ਟੋਲੰ ॥੪੬॥
ਕਹੂੰ ਮੁੱਛ ਮੁੱਖੰ ॥ ਕਹੂੰ ਸਸਤ੍ਰ ਸਖੰ[੩] ॥
ਕਹੂੰ ਖੋਲ[੪] ਖੱਗੰ ॥ [੫]ਕਹੂੰ ਪਰਮ ਪੱਗੰ ॥੪੭॥
ਗਹੇ ਮੁੱਛ ਬੰਕੀ ॥ [੬]ਮੰਡੇ ਆਨ ਹੰਕੀ ॥
[੭]ਢਕਾ ਢੁੱਕ ਢਾਲੰ ॥ ਉਠੇ ਹਾਲ ਚਾਲੰ ॥੪੮॥

ਭੁਜੰਗ ਪ੍ਰਯਾਤ ਛੰਦ ॥

ਖੁਲੇ ਖੱਗ ਖੂਨੀ ਮਹਾਂ ਬੀਰ ਖੇਤੰ ॥
ਨਚੇ ਬੀਰ ਬੈਤਾਲਯੰ ਭੂਤ ਪ੍ਰੇਤੰ ॥
ਬਜੇ ਡੰਕ ਡਉਰੂ ਉਠੇ ਨਾਦ ਸੰਖੰ ॥
ਮਨੋ ਮੱਲ ਜੁੱਟੇ ਨਹਾ ਹੱਥ ਬੰਖੰ ॥੪੯॥

ਛਪੈ ਛੰਦ ॥

ਜਿਨਿ ਸੂਰਨ ਸੰਗ੍ਰਾਮ ਸਬਲ
[੮]ਸਾਮੁਹਿ ਹ੍ਵੈ ਮੰਡਿਓ ॥
ਤਿਨ ਸੁਭਟਨ ਤੇ ਏਕ, ਕਾਲ

---

੧ਸੰਜੋਆਂ। ੨ਢਾਲ। ੩ਖਾਲੀ। ੪ਮਿਆਨ। ੫ ਵੱਡੀਆਂ ਪੱਗਾਂ ਪਈਆਂ ਹਨ। ੬ਹੰਕਾਰੀਆਂ ਨੇ ਆਣ ਕੇ (ਰਣ ਮੰਡਿਆ)। ੭ਕਿਤੇ ਢਾਲਾਂ ਉਤੇ ਠਾਹ ਠਾਹ ਸ਼ਸਤ੍ਰ ਵਜਦੇ ਹਨ। ੮ਸਾਹਮਣੇ।

ਕੋਊ ਜੀਅਤ ਨ ਛੱਡਿਓ ॥
ਸਭ ਖੱਤ੍ਰੀ ਖੱਗ ਖੰਡ
ਖੇਤ ਭੂ ਮੰਡਪ ਆਹੁੱਟੇ[੧] ॥
ਸਾਰ ਧਾਰ ਧਰ ਧੂਮ
ਮੁਕਤ ਬੰਧਨ ਤੇ ਛੁੱਟੇ ॥
ਹ੍ਵੈ ਟੂਕ ਟੂਕ ਜੁੱਝੇ ਸਬੈ
ਪਾਵ ਨ ਪਾਛੇ ਡਾਰੀਅੰ ॥
ਜੈਕਾਰ ਅਪਾਰ ਸੁਧਾਰ ਹੂਅੰ
[੨]ਬਾਸਵ ਲੋਕ ਸਿਧਾਰੀਅੰ ॥੫੦॥

ਚੌਪਈ ॥

ਇਹ ਬਿਧਿ ਮਚਾ ਘੋਰ ਸੰਗ੍ਰਾਮਾ ॥
[੩]ਸਿਧਏ ਸੂਰ ਸੂਰਿ ਕੇ ਧਾਮਾ ॥
ਕਹਾ ਲਗੈ ਵਹ ਕਥੋਂ ਲਰਾਈ ॥
ਆਪਨ ਪ੍ਰਭਾ ਨ ਬਰਨੀ ਜਾਈ ॥੫੧॥

ਭੁਜੰਗ ਪ੍ਰਯਾਤ ਛੰਦ ॥

[੪]ਲਵੀ ਸਰਬ ਜੀਤੇ ਕੁਸੀ ਸਰਬ ਹਾਰੇ ॥

---

੧ਇਕੱਠੇ ਹੋਏ। ੨ਇੰਦਰ ਲੋਕ, ਸੁਰਗ। ੩ਸੂਰਮੇ ਸੁਰਗ ਲੋਕ ਨੂੰ ਚਲੇ ਗਏ। ੪ਲਵ ਦੀ ਬੰਸ ਜਿੱਤ ਗਈ ਤੇ ਕੁਸ਼ ਦੀ ਹਾਰ ਗਈ।

ਬਚੇ ਜੇ ਬਲੀ ਪ੍ਰਾਨ ਲੈ ਕੇ ਸਿਧਾਰੇ ॥
ਚਤੁਰ ਬੇਦ ਪਠਿਜੰ ਕੀਜੋ ਕਾਸਿ[1] ਬਾਸੰ ॥
ਘਨੇ ਬਰਖ ਕੀਨੇ ਤਹਾਂ ਹੀ ਨਿਵਾਸੰ ॥੫੨॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਲਵੀ ਕੁਸ਼ੀ ਜੁੱਧ ਬਰਨਨੰ ਨਾਮ ਤ੍ਰਿਤੀਆ ਧਿਆਇ ਸਮਾਪਤਮਸਤੁ ਸੁਭ ਮਸਤੁ ॥ ੩ ॥ ਅਫਜੂ ॥ ੧੯੯ ॥

ਭੁਜੰਗ ਪ੍ਰਯਾਤ ਛੰਦ ॥

ਜਿਨੈ ਬੇਦ ਪਠਿਓ ਸੁ ਬੇਦੀ ਕਹਾਏ ॥
ਤਿਨੈ[2] ਧਰਮ ਕੇ ਕਰਮ ਨੀਕੇ ਚਲਾਏ ॥
[3]ਪਠੇ ਕਾਗਦੰ ਮੱਦ੍ਰ ਰਾਜਾ ਸੁਧਾਰੰ ॥
ਆਪੋ ਆਪ ਮੋ ਬੈਰ ਭਾਵੰ ਬਿਸਾਰੰ ॥ ੧ ॥
ਨ੍ਰਿਪੰ ਮੁਕਲਿਅੰ[4] ਦੂਤ ਸੋ ਕਾਸਿ ਆਯੰ ॥
ਸਬੈ ਬੇਦਿਯੰ ਭੇਦ ਭਾਖੇ ਸੁਨਾਯੰ ॥
ਸਬੈ ਬੇਦ ਪਾਠੀ ਚਲੇ ਮੱਦ੍ਰ ਦੇਸੰ ॥
ਪ੍ਰਨਾਮੰ ਕੀਯੋ ਆਨ ਕੈ ਕੈ ਨਰੇਸੰ ॥ ੨ ॥
ਧੁੰਨ ਬੇਦ ਕੀ ਭੂਪ ਤਾਂ ਤੇ ਕਰਾਈ ॥

---

੧ਕਾਂਸ਼ੀ ਵਿਚ । ੨ਧਰਮ ਦੇ ਕੰਮ । ੩ਪੰਜਾਬ ਦੇ (ਸੋਢੀ) ਰਾਜੇ ਨੇ ਖਤ ਲਿਖਿਆ । ੪ਭੇਜਿਆ ਹੋਇਆ ਦੂਤ ।


www.sikhbookclub.com

ਸਬੈ ਪਾਸ ਬੈਠੇ ਸਭਾ ਬੀਚ ਭਾਈ ॥
ਪੜ੍ਹੇ ਸਾਮ ਬੇਦੰ ਜੁਜਰ ਬੇਦ ਕੱਥੰ ॥
[1]ਰਿਗੰ ਬੇਦ ਪਠਿਯੰ ਕਰੇ ਭਾਵ ਹੱਥੰ ॥ ੩ ॥

ਰਸਾਵਲ ਛੰਦ ॥

ਅਥਰ ਬੇਦ ਪੱਠਿਯੰ ॥ ਸੁਣੇ ਪਾਪ ਠੱਠਿਯੰ ॥
ਰਹਾ ਰੀਝ ਰਾਜਾ ॥ ਦੀਯਾ ਸਰਬ ਸਾਜਾ ॥੪॥

ਲਯੋ ਬਨ ਬਾਸੰ ॥ ਮਹਾਂ ਪਾਪ ਨਾਸੰ ॥
ਰਿਖੰ ਭੇਸ ਕੀਯੰ ॥ ਤਿਸੈ ਰਾਜ ਦੀਯੰ ॥ ੫ ॥

ਰਹੇ ਹੇਰ ਲੋਗੰ ॥ ਤਜੇ ਸਰਬ ਸੋਗੰ ॥
ਧਨੰ ਧਾਮ ਤਿਆਗੇ ॥ ਪ੍ਰਭੰ ਪ੍ਰੇਮ ਪਾਗੇ ॥ ੬ ॥

ਅੜਿਲ ॥

ਬੇਦੀ ਭਏ ਪ੍ਰਸੰਨ ਰਾਜ ਕਹ ਪਾਇ ਕੈ ॥
ਦੇਤ ਭਯੋ ਬਰਦਾਨ ਹੀਐ ਹੁਲਸਾਇ ਕੈ ॥
ਜਬ ਨਾਨਕ ਕਲਿ ਮੈ ਹਮ ਆਨ ਕਹਾਇ ਹੈਂ ॥
ਹੋ ਜਗਤ ਪੂਜ ਕਰਿ ਤੋਹਿ ਪਰਮ ਪਦ ਪਾਇ ਹੈਂ ॥੭॥

---

[1]ਰਿਗ ਵੇਦ ਪੜ੍ਹਦੇ ਹਨ ਤੇ ਹੱਥ ਦੇ ਨਾਲ ਭਾਵ ਸਮਝਾਉਂਦੇ ਹਨ।

 www.sikhbookclub.com

ਦੋਹਰਾ ॥

ਲਵੀ ਰਾਜ ਦੇ ਬਨ ਗਏ
ਬੇਦੀਅਨ ਕੀਨੋ ਰਾਜ ॥
ਭਾਂਤਿ ਭਾਂਤਿ ਤਿਨਿ ਭੋਗੀਯੰ
ਭੂਅ ਕਾ ਸਕਲ ਸਮਾਜ ॥੮॥

ਚੌਪਈ ॥

ਤ੍ਰਿਤੀਅ ਬੇਦ ਸੁਨਬੋ ਤੁਮ ਕੀਆ ॥
ਚਤੁਰ ਬੇਦ ਸੁਨਿ ਭੂਅ ਕੋ ਦੀਆ ॥
ਤੀਨ ਜਨਮ ਹਮਹੂੰ ਜਬ ਧਰਿਹੈਂ ॥
ਚਉਥੇ ਜਨਮ ਗੁਰੂ ਤੁਹਿ ਕਰਿਹੈਂ ॥੯॥

ਉਤ ਰਾਜਾ ਕਾਨਨਹਿ[1] ਸਿਧਾਯੋ ॥
ਇਤ ਇਨ ਰਾਜ ਕਰਤ ਸੁਖ ਪਾਯੋ ॥
ਕਹਾ ਲਗੇ ਕਰਿ ਕਥਾ ਸੁਨਾਊਂ ॥
ਗ੍ਰੰਥ ਬਢਨ ਤੇ ਅਧਿਕ ਡਰਾਊਂ ॥੧੦॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ ਬੇਦ ਪਾਠ ਭੇਟ ਰਾਜ ਚਤੁਰਥ ਧਿਆਇ ਸਮਾਪਤ ਮਸਤੁ ਸੁਭਮਸਤੁ ॥ ੪ ॥ ਅਫਜੂ ॥ ੧੯੯ ॥

---

੧ਜੰਗਲ ।

 www.sikhbookclub.com

ਨਰਾਜ ਛੰਦ ॥

[1]ਬਹੁਰ ਬਿਖਾਦ ਬਾਧਿਯੰ ॥
ਕਿਨੀ ਨ ਤਾਹਿ ਸਾਧਿਯੰ ॥
ਕਰੰਮ ਕਾਲ ਯੌਂ ਭਈ ॥
ਸੁ ਭੂਮਿ ਬੰਸ ਤੇ ਗਈ ॥੧॥

ਦੋਹਰਾ ॥

[2]ਬਿਪ੍ਰ ਕਰਤ ਭਏ ਸੂਦ੍ਰ ਬ੍ਰਿਤਿ[3] ॥
ਛਤ੍ਰੀ ਬੈਸਨ ਕਰਮ ॥
ਬੈਸ ਕਰਤ ਭਏ ਛਤ੍ਰਿ ਬ੍ਰਿਤਿ ॥
ਸੂਦ੍ਰ ਸੁ ਦਿਜ[2] ਕੋ ਧਰਮ ॥੨॥

ਚੌਪਈ ॥

ਬੀਸ ਗਾਵ ਤਿਨ ਕੇ ਰਹਿ ਗਏ ॥
ਜਿਨ ਮੋ ਕਰਤ ਕ੍ਰਿਸਾਨੀ[4] ਭਏ ॥
ਬਹੁਤ ਕਾਲ ਇਹ ਭਾਂਤਿ ਬਿਤਾਯੋ ॥
ਜਨਮ ਸਮੈ ਨਾਨਕ ਕੋ ਆਯੋ ॥੩॥

---

੧ ਫਿਰ ਬੇਦੀ ਖਾਨਦਾਨ ਵਿਚ ਭੀ ਝਗੜਾ ਵਧ ਗਿਆ ।

੨ ਬ੍ਰਾਹਮਣ । ੩ ਉਪਜੀਵਕਾ ਲਈ ਕੰਮ । ੪ ਖੇਤੀ ।


www.sikhbookclub.com

ਦੋਹਰਾ ॥

ਤਿਨ ਬੇਦੀਅਨ ਕੀ ਕੁਲ ਬਿਖੈ
ਪ੍ਰਗਟੇ ਨਾਨਕ ਰਾਇ ॥
ਸਭ ਸਿੱਖਨ ਕੋ ਸੁਖ ਦਏ
ਜਹ ਤਹ ਭਏ ਸਹਾਇ ॥੪॥

ਚੌਪਈ ॥

ਤਿਨ ਇਹ ਕਲ ਮੋ ਧਰਮੁ ਚਲਾਯੋ ॥
ਸਭ ਸਾਧਨ ਕੋ ਰਾਹੁ ਬਤਾਯੋ ॥
ਜੋ ਤਾਂ ਕੇ ਮਾਰਗ[੧] ਮਹਿ ਆਏ ॥
ਤੇ ਕਬਹੂੰ ਨਹੀ ਪਾਪ ਸੰਤਾਏ ॥੫॥
ਜੇ ਜੇ ਪੰਥ ਤਵਨ[੨] ਕੇ ਪਰੇ ॥
ਪਾਪ ਤਾਪ ਤਿਨ ਕੇ ਪ੍ਰਭ ਹਰੇ ॥
ਦੂਖ ਭੂਖ ਕਬਹੂੰ ਨ ਸੰਤਾਏ ॥
[੩]ਜਾਲ ਕਾਲ ਕੇ ਬੀਚ ਨ ਆਏ ॥੬॥
ਨਾਨਕ ਅੰਗਦ ਕੋ ਬਪੁ ਧਰਾ ॥
ਧਰਮ ਪ੍ਰਚੁਰ[੪] ਇਹ ਜਗ ਮੋ ਕਰਾ ॥

---

੧ ਸਤਿਗੁਰਾਂ ਦਾ ਚਲਾਇਆ ਰਸਤਾ । ੨ ਤਿਨ੍ਹਾਂ ਦੇ ।
੩ ਕਾਲ ਦੇ ਜਾਲ ਵਿਚ । ੪ ਪ੍ਰਚਾਰਿਆ, ਫੈਲਾਇਆ ।

 www.sikhbookclub.com

ਅਮਰਦਾਸ ਪੁਨਿ ਨਾਮੁ ਕਹਾਯੋ ॥
ਜਨ ਦੀਪਕ ਤੇ ਦੀਪ ਜਗਾਯੋ ॥ ੭ ॥
ਜਬ ਬਰਦਾਨ ਸਮੈ ਵਹੁ ਆਵਾ ॥
ਰਾਮਦਾਸ ਤਬ ਗੁਰੂ ਕਹਾਵਾ ॥
ਤਿਹ ਬਰਦਾਨ ਪੁਰਾਤਨ ਦੀਆ ॥
ਅਮਰਦਾਸ ਸੁਰਪੁਰਿ ਮਗੁ ਲੀਆ ॥ ੮ ॥
ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥
ਅਮਰਦਾਸ ਅੰਗਦ ਪਹਿਚਾਨਾ ॥
ਅਮਰਦਾਸ ਰਾਮਦਾਸ ਕਹਾਯੋ ॥
[੧]ਸਾਧਨਿ ਲਖਾ ਮੂੜ੍ਹ ਨਹਿ ਪਾਯੋ ॥ ੯ ॥
ਭਿੰਨ ਭਿੰਨ ਸਬਹੂੰ ਕਰ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧ ਪਾਈ ॥
ਬਿਨ ਸਮਝੇ ਸਿਧ ਹਾਥ ਨ ਆਈ ॥੧੦॥
ਰਾਮਦਾਸ ਹਰਿ ਸੋ ਮਿਲ ਗਏ ॥

---

੧ਇਸ ਭੇਦ ਨੂੰ (ਕਿ ਗੁਰੂ ਜੋਤਿ ਇਕੋ ਹੈ) ਸੰਤਾਂ ਨੇ ਜਾਣਿਆ ਹੈ, ਮੂਰਖਾਂ ਨੇ ਨਹੀਂ ਸਮਝਿਆ ।

ਗੁਰਤਾ ਦੇਤ ਅਰਜਨਹਿ ਭਏ ॥
ਜਬ ਅਰਜਨ ਪ੍ਰਭੁ ਲੋਕ ਸਿਧਾਏ ॥
ਹਰਿ ਗੋਬਿੰਦ ਤਿਹ ਠਾਂ ਠਹਿਰਾਏ ॥੧੧॥

ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ ॥
ਹਰੀਰਾਇ ਤਿਹ ਠਾਂ ਬੈਠਾਰੇ ॥
ਹਰੀ ਕ੍ਰਿਸਨ ਤਿਨ ਕੇ ਸੁਤ ਵਏ ॥
ਤਿਨ ਤੇ ਤੇਗ ਬਹਾਦਰ ਭਏ ॥੧੨॥

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ[੧] ॥
ਕੀਨੋ ਬਡੋ ਕਲੂ ਮਹਿ ਸਾਕਾ ॥
[੨]ਸਾਧਨਿ ਹੇਤਿ ਇਤੀ[੩] ਜਿਨਿ ਕਰੀ ॥
ਸੀਸੁ ਦੀਆ ਪਰ ਸੀ ਨ ਉਚਰੀ ॥੧੩॥

ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ[੪] ਨ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ॥

---

੧ਉਨ੍ਹਾਂ ਦਾ ਅਰਥਾਤ ਕਸ਼ਮੀਰੀ ਪੰਡਿਤਾਂ ਤੇ ਹਿੰਦੂਆਂ ਦਾ। ੨ਜਿਸ (ਸਤਿਗੁਰੂ) ਨੇ ਸੰਤਾਂ (ਧਰਮੀਆਂ) ਲਈ (ਕੁਰਬਾਨੀ ਦੀ) ਹੱਦ ਕਰ ਦਿੱਤੀ। ੩ਹੱਦ। ੪ਪ੍ਰਤਗਯਾ-ਸਚ ਧਰਮ ਦਾ ਪੱਕਾ ਇਰਾਦਾ।

[੧]ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥

ਦੋਹਰਾ ॥

[੨]ਠੀਕਰਿ ਫੋਰਿ ਦਿਲੀਸਿ ਸਿਰਿ
ਪ੍ਰਭ ਪੁਰ ਕੀਯਾ ਪਯਾਨ ॥
[੩]ਤੇਗ ਬਹਾਦਰ ਸੀ ਕ੍ਰਿਆ ॥
ਕਰੀ ਨ ਕਿਨਹੂੰ ਆਨ ॥੧੫॥
ਤੇਗ ਬਹਾਦਰ ਕੇ ਚਲਤ
ਭਯੋ ਜਗਤ ਕੋ ਸ਼ੋਕ ॥
[੪]ਹੈ ਹੈ ਹੈ ਸਭ ਜਗ ਭਯੋ
ਜੈ ਜੈ ਜੈ ਸੁਰ ਲੋਕ ॥੧੬॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ ਪਾਤਸ਼ਾਹੀ ਬਰਨਨੰ ਨਾਮ ਪੰਚਮੋ ਧਿਆਇ ਸਮਾਪਤਮਸਤੁ ਸੁਭਮਸਤੁ ॥੫॥ ਅਫਜੂ ॥੨੧੫॥

---

੧ਨਾਟਕ ਚੇਟਕ ਦੇ ਭੈੜੇ ਕੰਮ ਕਰਦਿਆਂ ਪ੍ਰਭੂ ਦੇ ਲੋਕਾਂ (ਭਗਤਾਂ) ਨੂੰ ਸ਼ਰਮ ਆਉਂਦੀ ਹੈ। ੨ਸਰੀਰ ਦਾ ਠੀਕਰਾ ਦਿੱਲੀ ਦੇ ਮਾਲਕ (ਔਰੰਗਜ਼ੇਬ) ਦੇ ਸਿਰ ਤੇ ਭੰਨ ਕੇ। ੩ਸ੍ਰੀ ਗੁਰੂ ਤੇਗ ਬਹਾਦਰ ਜੀ ਵਰਗੀ ਕਰਨੀ ਹੋਰ ਕਿਸੇ (ਅਵਤਾਰ) ਨੇ ਨਹੀਂ ਕੀਤੀ। ੪ਹਾਹਾਕਾਰ।

 www.sikhbookclub.com

ਚੌਪਈ ॥

ਅਬ ਮੈ ਆਪਨੀ ਕਥਾ ਬਖਾਨੋ ॥
ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥
ਹੇਮ ਕੁੰਟ ਪਰਬਤ ਹੈ ਜਹਾਂ ॥
ਸਪਤ ਸ੍ਰਿੰਗ ਸੋਭਿਤ ਹੈ ਤਹਾਂ ॥੧॥
ਸਪਤ ਸ੍ਰਿੰਗ ਤਿਹ ਨਾਮ ਕਹਾਵਾ ॥
ਪੰਡੁ ਰਾਜ ਜਹ ਜੋਗੁ ਕਮਾਵਾ ॥
ਤਹ ਹਮ ਅਧਿਕ ਤਪੱਸਿਆ ਸਾਧੀ ॥
ਮਹਾਂਕਾਲ[1] ਕਾਲਿਕਾ ਅਰਾਧੀ ॥੨॥
ਇਹ ਬਿਧਿ ਕਰਤ ਤਪੱਸਿਆ ਭਯੋ ॥
ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥
ਤਾਤ ਮਾਤ ਮੁਰ ਅਲਖ ਅਰਾਧਾ ॥
ਬਹੁ ਬਿਧਿ ਜੋਗ ਸਾਧਨਾ ਸਾਧਾ ॥੩॥
ਤਿਨ ਜੋ ਕਰੀ ਅਲਖ ਕੀ ਸੇਵਾ ॥
ਤਾ ਤੇ ਭਏ ਪ੍ਰਸੰਨ ਗੁਰਦੇਵਾ ॥
ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥

---

[1]ਵਾਹਿਗੁਰੂ ।


www.sikhbookclub.com

ਤਬ ਹਮ ਜਨਮ ਕਲੂ ਮਹਿ ਲੀਆ ॥੪॥
ਚਿਤ ਨ ਭਯੋ ਹਮਰੋ ਆਵਨ ਕਹ ॥
ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ ॥
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ ॥
ਇਮ ਕਹਿਕੈ ਇਹ ਲੋਕ ਪਠਾਯੋ ॥੫॥

ਅਕਾਲ ਪੁਰਖ ਬਾਚ[1] ਇਸ ਕੀਟ ਪ੍ਰਤਿ ॥

ਚੌਪਈ ॥

ਜਬ ਪਹਿਲੇ ਹਮ ਸ੍ਰਿਸਟਿ ਬਨਾਈ ॥
ਦਈਤ ਰਚੇ ਦੁਸਟ ਦੁਖਦਾਈ ॥
[2]ਤੇ ਭੁਜ ਬਲ ਬਵਰੇ ਹ੍ਵੈ ਗਏ ॥
ਪੂਜਤ ਪਰਮ ਪੁਰਖ ਰਹਿ ਗਏ ॥੬॥
[3]ਤੇ ਹਮ ਤਮਕਿ ਤਨਕ ਮੋ ਖਾਪੇ ॥
ਤਿਨ ਕੀ ਠਉਰ ਦੇਵਤਾ ਥਾਪੇ ॥
ਤੇ ਭੀ [4]ਬਲਿ ਪੂਜਾ ਉਰਝਾਏ ॥
ਆਪਨ ਹੀ ਪਰਮੇਸਰ ਕਹਾਏ ॥੭॥

---

੧ਕਥਨ । ੨ਉਹ ਬਾਹਵਾਂ ਦੀ ਤਾਕਤ ਵਿਚ ਹੀ ਪਾਗਲ ਹੋ ਗਏ । ੩ਮੈਂ ਉਹਨਾਂ ਨੂੰ ਗੁੱਸੇ ਵਿਚ ਆ ਕੇ ਛਿਨ ਵਿਚ ਨਾਸ਼ ਕਰ ਦਿੱਤਾ । ੪ਬਲੀ ਲੈਣੀ, ਭੇਟਾ ।

ਮਹਾਦੇਵ ਅਚੁੱਤ ਕਹਾਯੋ ॥
ਬਿਸਨ ਆਪ ਹੀ ਕੋ ਠਹਿਰਾਯੋ ॥
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ॥
ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ ॥੮॥

ਤਬ ਸਾਖੀ[1] ਪ੍ਰਭ ਅਸਟ ਬਨਾਏ ॥
ਸਾਖ ਨਮਿਤ ਦੇਬੇ ਠਹਿਰਾਏ ॥
ਤੇ ਕਹੈ ਕਰੋ ਹਮਾਰੀ ਪੂਜਾ ॥
ਹਮ ਬਿਨ ਅਵਰੁ ਨ ਠਾਕੁਰੁ ਦੂਜਾ ॥੯॥

ਪਰਮ ਤੱਤ ਕੋ ਜਿਨ ਨ ਪਛਾਨਾ ॥
ਤਿਨ ਕਰਿ ਈਸਰ ਤਿਨ ਕਹੁ ਮਾਨਾ ॥
ਕੇਤੇ ਸੂਰ ਚੰਦ ਕਹੁ ਮਾਨੈ ॥
ਅਗਿਨ ਹੋਤ੍ਰ ਕਈ ਪਵਨ ਪ੍ਰਮਾਨੈ ॥੧੦॥

ਕਿਨਹੂੰ ਪ੍ਰਭੁ ਪਾਹਨ ਪਹਿਚਾਨਾ ॥
ਨ੍ਹਾਤ ਕਿਤੇ ਜਲ ਕਰਤ ਬਿਧਾਨਾ ॥
ਕੇਤਕ ਕਰਮ ਕਰਤ ਡਰਪਾਨਾ ॥

---

੧ਗਵਾਹ, ਪ੍ਰਿਥਵੀ, ਸੂਰਜ, ਚੰਦ੍ਰ, ਅਗਨੀ ਧੂਹ, ਹਵਾ, ਪ੍ਰਤਯੂਸ਼੍ਰ ਪ੍ਰਭਾਸ-ਇਹ ਅੱਠ ਜੀਵਾਂ ਦੇ ਕਰਮਾਂ ਦੇ ਗਵਾਹ ਹਨ ।

ਧਰਮਰਾਜ ਕੋ ਧਰਮ ਪਛਾਨਾ ॥੧੧॥
ਜੋ ਪ੍ਰਭ ਸਾਖ ਨਮਿਤ ਠਹਰਾਏ ॥
ਤੇ ਹਿਆਂ ਆਇ ਪ੍ਰਭੂ ਕਹਵਾਏ ॥
ਤਾ ਕੀ ਬਾਤ ਬਿਸਰ ਜਾਤੀ ਭੀ ॥
ਅਪਨੀ ਅਪਨੀ ਪਰਤ ਸੋਭ ਭੀ ॥੧੨॥
ਜਬ ਪ੍ਰਭ ਕੋ ਨ ਤਿਨੈ ਪਹਿਚਾਨਾ ॥
ਤਬ ਹਰਿ ਇਨ ਮਨੁੱਛਨ ਠਹਿਰਾਨਾ ॥
ਤੇ ਭੀ ਬਸਿ ਮਮਤਾ ਹੁਇ ਗਏ ॥
ਪਰਮੇਸਰ ਪਾਹਨ ਠਹਿਰਏ ॥੧੩॥
ਤਬ ਹਰਿ ਸਿੱਧ ਸਾਧ ਠਹਿਰਾਏ ॥
ਤਿਨ ਭੀ ਪਰਮ ਪੁਰਖ ਨਹੀ ਪਾਏ ॥
ਜੇ ਕੋਈ ਹੋਤ ਭਯੋ ਜਗਿ ਸਿਆਨਾ ॥
ਤਿਨ ਤਿਨ ਅਪਨੋ ਪੰਥੁ ਚਲਾਨਾ ॥੧੪॥
ਪਰਮ ਪੁਰਖ ਕਿਨਹੂੰ ਨਹ ਪਾਯੋ ॥
ਬੈਰ ਬਾਦ ਅਹੰਕਾਰ ਬਢਾਯੋ ॥
[1]ਪੇਡ ਪਾਤ ਆਪਨ ਤੇ ਜਲੈ ॥

---

੧ਦਰੱਖਤ ਆਪਣੇ ਪੱਤਿਆਂ ਨਾਲ ਆਪ ਸੜ ਜਾਂਦਾ ਹੈ ।

ਪ੍ਰਭ ਕੈ ਪੰਥ ਨ ਕੋਊ ਚਲੈ ॥੧੫॥
ਜਿਨਿ ਜਿਨਿ ਤਨਿਕ[1] ਸਿੱਧ ਕੋ ਪਾਯੋ ॥
ਤਿਨ ਤਿਨ ਅਪਨਾ ਰਾਹੁ ਚਲਾਯੋ ॥
ਪਰਮੇਸਰ ਨ ਕਿਨਹੂੰ ਪਹਿਚਾਨਾ ॥
ਮਮ ਉਚਾਰ ਤੇ ਭਯੋ ਦਿਵਾਨਾ ।੧੬॥
ਪਰਮ ਤੱਤ ਕਿਨਹੂੰ ਨ ਪਛਾਨਾ ॥
[2]ਆਪ ਆਪ ਭੀਤਰਿ ਉਰਝਾਨਾ ॥
ਤਬ ਜੇ ਜੇ ਰਿਖਰਾਜ ਬਨਾਏ ॥
ਤਿਨ ਆਪਨ ਪੁਨ ਸਿੰਮ੍ਰਿਤ ਚਲਾਏ ॥੧੭॥
ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ ॥
ਤਿਨ ਤਿਨ ਕ੍ਰਿਆ ਬ੍ਰਹਮ ਕੀ ਤਿਆਗੀ॥
ਜਿਨ ਮਨ ਹਰਿ ਚਰਨਨ ਠਹਿਰਾਯੋ ॥
ਸੋ ਸਿੰਮ੍ਰਿਤਨ ਕੇ ਰਾਹ ਨ ਆਯੋ ॥੧੮॥
ਬ੍ਰਹਮਾ ਚਾਰ ਹੀ ਬੇਦ ਬਨਾਏ ॥
ਸਰਬ ਲੋਕ ਤਿਹ ਕਰਮ ਚਲਾਏ ॥
ਜਿਨ ਕੀ ਲਿਵ ਹਰਿ ਚਰਨਨ ਲਾਗੀ ॥

---

੧ਥੋੜੀ ਜਿੰਨੀ । ੨ਆਪੋ ਆਪਣੇ ਵਿਚ ਫਸੇ ਹੋਏ ਹਨ ।

 www.sikhbookclub.com

ਤੇ ਬੇਦਨ ਤੇ ਭਏ ਤਿਆਗੀ ॥੧੯॥
ਜਿਨ ਮਤ ਬੇਦ ਕਤੇਬਨ ਤਿਆਗੀ ॥
ਪਾਰਬ੍ਰਹਮ ਕੇ ਭਏ ਅਨੁਰਾਗੀ ॥
ਤਿਨ ਕੇ ਗੂੜ ਮੱਤ [੧]ਜੇ ਚਲਹੀ ॥
ਭਾਂਤਿ ਅਨੇਕ ਦੂਹਨ ਸੋ ਦਲਹੀ ॥੨੦॥
[੨]ਜੇ ਜੇ ਸਹਿਤ ਜਾਤਨ ਸੰਦੇਹਿ ॥
ਪ੍ਰਭ ਕੋ ਸੰਗਿ ਨ ਛੋਡਤ ਨੇਹ ॥
ਤੇ ਤੇ ਪਰਮ ਪੁਰੀ ਕਹ ਜਾਹੀ ॥
ਤਿਨ ਹਰਿ ਸਿਉ ਅੰਤਰੁ ਕਛੁ ਨਾਹੀਂ ॥੨੧॥
ਜੇ ਜੇ ਜੀਯ ਜਾਤਨ[੩] ਤੇ ਡਰੈ ॥
ਪਰਮ ਪੁਰਖ ਤਜਿ ਤਿਨ ਮਗ[੪] ਪਰੈ ॥
ਤੇ ਤੇ ਨਰਕ ਕੁੰਡ ਮੋ ਪਰਹੀ ॥
ਬਾਰਬਾਰ ਜਗ ਮੋ ਬਪੁ[੫] ਧਰਹੀ ॥੨੨॥
ਤਬ ਹਰਿ ਬਹੁਰ ਦੱਤ[੬] ਉਪਜਾਇਓ ॥
ਤਿਨ ਭੀ ਅਪਨਾ ਪੰਥੁ ਚਲਾਇਓ ॥

---

੧ਜਿਹੜੇ ਚਲਦੇ ਹਨ। ੨ਜਿਹੜੇ ਜਿਹੜੇ ਤਕਲੀਫਾਂ ਸਹਾਰਦੇ ਹਨ।
੩ਸਚਾ–ਕਸ਼ਟ। ੪ਰਸਤੇ। ੫ ਜਨਮ। ੬ਦੱਤਾ ਤੇਯ ਰਿਸ਼ੀ।


www.sikhbookclub.com

ਕਰ[1] ਮੋ ਨਖ ਸਿਰ ਜਟਾਂ ਸਵਾਰੀ ॥
ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ ॥੨੩॥
ਪੁਨਿ ਹਰਿ ਗੋਰਖ ਕੌ ਉਪਰਾਜਾ[2] ॥
ਸਿੱਖ ਕਰੇ ਤਿਨਹੂੰ ਬਡ ਰਾਜਾ ॥
ਸ੍ਰਵਨ[3] ਫਾਰਿ ਮੁਦ੍ਰਾ ਦੁਐ ਡਾਰੀ ॥
ਹਰਿ ਕੀ ਪ੍ਰੀਤ ਰੀਤਿ ਨ ਬਿਚਾਰੀ ॥੨੪॥
ਪੁਨਿ ਹਰਿ ਰਾਮਾਨੰਦ ਕੋ ਕਰਾ ॥
ਭੇਸ ਬੈਰਾਗੀ ਕੋ ਜਿਨ ਧਰਾ ॥
ਕੰਠੀ ਕੰਠਿ ਕਾਠ ਕੀ ਡਾਰੀ ॥
ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ ॥੨੫॥
ਜੇ ਪ੍ਰਭੁ ਪਰਮ ਪੁਰਖ ਉਪਜਾਏ ॥
ਤਿਨ ਤਿਨ ਅਪਨੇ ਰਾਹ ਚਲਾਏ ॥
ਮਹਾਦੀਨ[4] ਤਬ ਪ੍ਰਭ ਉਪਰਾਜਾ ॥
ਅਰਬ ਦੇਸ ਕੋ ਕੀਨੋ ਰਾਜਾ ॥੨੬॥
ਤਿਨ ਭੀ ਏਕ ਪੰਥ ਉਪਰਾਜਾ ॥
ਲਿੰਗ ਬਿਨਾ ਕੀਨੇ ਸਭ ਰਾਜਾ ॥

---

੧ਹੱਥ । ੨ਪੈਦਾ ਕੀਤਾ। ੩ਕੰਨ । ੪ਮੁਹੰਮਦ ।

 www.sikhbookclub.com

ਸਭ ਤੇ ਅਪਨਾ ਨਾਮੁ ਜਪਾਯੋ ॥
ਸਤਿ ਨਾਮੁ ਕਾਹੂੰ ਨ ਦ੍ਰਿੜਾਯੋ ॥੨੭॥
[1]ਸਭ ਅਪਨੀ ਅਪਨੀ ਉਰਝਾਨਾ ॥
ਪਾਰਬ੍ਰਹਮ ਕਾਹੂ ਨ ਪਛਾਨਾ ॥
ਤਪ ਸਾਧਤ ਹਰਿ ਮੋਹਿ ਬੁਲਾਯੋ ॥
ਇਮ ਕਹਿ ਕੈ ਇਹ ਲੋਕ ਪਠਾਯੋ ॥੨੮॥

ਅਕਾਲ ਪੁਰਖ ਬਾਚ ॥ ਚੌਪਈ ॥

ਮੈਂ ਅਪਨਾ ਸੁਤ[2] ਤੋਹਿ ਨਿਵਾਜਾ ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥
ਕਬੁਧਿ ਕਰਨ ਤੇ ਲੋਕ ਹਟਾਇ ॥੨੯॥

ਕ੍ਬਿਬਾਚ ॥ ਦੋਹਰਾ ॥

ਠਾਢ[3] ਭਯੋ ਮੈ ਜੋਰਿ ਕਰ
ਬਚਨ ਕਹਾ ਸਿਰ ਨਿਆਇ ॥
ਪੰਥ ਚਲੈ ਤਬ ਜਗਤ ਮੈ
ਜਬ ਤੁਮ ਕਰਹੁ ਸਹਾਇ ॥੩੦॥

---

੧ਸ਼ਭ ਆਪਨੀ ਆਪਨੀ ਪ੍ਰਭਤਾ ਵਿਚ ਫਸ ਗਏ । ੨ਪੁੱਤਰ । ੩ਖੜੇ ਹੋ ਕੇ ।

ਚੌਪਈ ॥

ਇਹ ਕਾਰਨਿ ਪ੍ਰਭ ਮੁਹਿ ਪਠਾਯੋ ॥
ਤਬ ਮੈ ਜਗਤ ਜਨਮ ਧਰਿ ਆਯੋ ॥
ਜਿਮ ਤਿਨ ਕਹੀ ਤਿਨੈ ਤਿਮ ਕਹਿਹੋਂ ॥
ਅਉਰ ਕਿਸੂ ਤੇ ਬੈਰ ਨ ਗਹਿਹੋਂ ॥੩੧॥
ਜੋ ਹਮ ਕੋ ਪਰਮੇਸਰ ਉਚਰਿਹੈਂ ॥
ਤੇ ਸਭ ਨਰਕ ਕੁੰਡ ਮਹਿ ਪਰਹੈਂ ॥
ਮੋ ਕੋ ਦਾਸ ਤਵਨ[2] ਕਾ ਜਾਨੋ ॥
ਯਾ ਮੈ ਭੇਦ ਨ ਰੰਚ ਪਛਾਨੋ ॥੩੨॥
ਮੈ ਹੋ ਪਰਮ ਪੁਰਖ ਕੋ ਦਾਸਾ ॥
ਦੇਖਨ ਆਯੋ ਜਗਤ ਤਮਾਸਾ ॥
ਜੋ ਪ੍ਰਭ ਜਗਤਿ ਕਹਾ ਸੋ ਕਹਿਹੋਂ ॥
ਮ੍ਰਿਤ ਲੋਕ ਤੇ ਮੋਨ ਨ ਰਹਿਹੋਂ ॥੩੩॥

ਨਰਾਜ ਛੰਦ ॥

ਕਹਿਓ ਪ੍ਰਭੂ ਸੁ ਭਾਖਿਹੋਂ ॥
ਕਿਸੂ ਨ ਕਾਨ ਰਾਖਿਹੋਂ ॥

---

੧ਭੇਜਿਆ, ਤਿਸ (ਵਾਹਿਗੁਰੂ) ਦਾ । ੨ਜ਼ਰਾ ਜਿੰਨਾ ।

ਕਿਸੂ ਨ ਭੇਖ ਭੀਜ ਹੋਂ ॥
[1]ਅਲੇਖ ਬੀਜ ਬੀਜ ਹੋਂ ॥੩੪॥
ਪਖਾਣ[2] ਪੂਜਹੋਂ ਨਹੀਂ ॥
ਨ ਭੇਖ ਭੀਜਹੋਂ ਕਹੀਂ ॥
ਅਨੰਤ ਨਾਮੁ ਗਾਇ ਹੋਂ ॥
ਪਰੱਮ ਪੁਰਖ ਪਾਇ ਹੋਂ ॥੩੫॥
ਜਟਾ ਨ ਸੀਸ ਧਾਰਿਹੋਂ ॥
ਨ ਮੁੰਦ੍ਰਕਾ ਸੁਧਾਰਿਹੋਂ ॥
ਨ ਕਾਨ ਕਾਹੂ ਕੀ ਧਰੋਂ ॥
ਕਹਿਓ ਪ੍ਰਭੂ ਸੁ ਮੈ ਕਰੋਂ ॥੩੬॥
ਭਜੋਂ ਸੁ ਏਕ ਨਾਮਯੰ ॥
ਜੁ ਕਾਮ ਸਰਬ ਠਾਮਯੰ ॥
ਨ ਜਾਪ ਆਨ ਕੋ ਜਪੋ ॥
[3]ਨ ਅਉਰ ਥਾਪਨਾ ਥਪੋ ॥੩੭॥
ਬਿਅੰਤ ਨਾਮ ਧਿਆਇ ਹੋਂ ॥

---

੧ਵਾਹਿਗੁਰੂ (ਸਿਮਰਨ) ਦਾ ਬੀਜ ਬੀਜਾਂਗਾ । ੨ਪੱਥਰ ।
੩ਨਾ ਹੋਰ ਬਨਾਉਟ ਬਨਾਵਾਂਗਾ ।

ਪਰਮ ਜੋਤਿ ਪਾਇ ਹੋਂ ॥
ਨ ਧਿਆਨ ਆਨ ਕੋ ਧਰੋਂ ॥
ਨ ਨਾਮ ਆਨ ਉਚਰੋਂ ॥੩੮॥
[1]ਤਵੱਕ ਨਾਮ ਰੱਤਿਯੰ ॥
ਨ ਆਨ ਮਾਨ ਮੱਤਿਯੰ ॥
ਪਰੱਮ ਧਿਆਨ ਧਾਰੀਯੰ ॥
ਅਨੰਤ ਪਾਪ ਟਾਰੀਯੰ ॥੩੯॥
ਤੁਮੇਵ ਰੂਪ ਰਾਚਿਯੰ ॥
ਨ ਆਨ ਦਾਨ ਮਾਚਿਯੰ ॥
ਤਵੱਕ ਨਾਮ ਉਚਾਰਿਯੰ ॥
ਅਨੰਤ ਦੂਖ ਟਾਰਿਯੰ ॥੪੦॥

ਚੌਪਈ ॥

ਜਿਨ ਜਿਨ ਨਾਮ ਤਿਹਾਰੋ ਧਿਆਇਆ ॥
ਦੂਖ ਪਾਪ ਤਿਹ ਨਿਕਟ ਨ ਆਇਆ ॥
ਜੇ ਜੇ ਅਉਰ ਧਿਆਨ ਕੋ ਧਰਹੀਂ ॥
ਬਹਿਸ ਬਹਿਸ ਬਾਦਨ[2] ਤੇ ਮਰਹੀ ॥੪੧॥

---

੧ਤੇਰੇ ਨਾਮ ਵਿਚ ਰੰਗਿਆ ਜਾਵਾਂਗਾ । ੨ਝਗੜੇ ।

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ [1]ਮੂਲ ਉਪਾਰਨ ॥੪੩॥
ਜੇ ਜੇ ਭਏ ਪਹਿਲ ਅਵਤਾਰਾ ॥
ਆਪੁ ਆਪੁ ਤਿਨ ਜਾਪੁ ਉਚਾਰਾ ॥
ਪ੍ਰਭ ਦੋਖੀ ਕੋਈ ਨ ਬਿਦਾਰਾ[2] ॥
ਧਰਮ ਕਰਨ ਕੋ ਰਾਹੁ ਨ ਡਾਰਾ ॥੪੪॥
ਜੇ ਜੇ ਗਉਸ ਅੰਬੀਆ ਭਏ ॥
ਮੈ ਮੈ ਕਰਤ ਜਗਤ ਤੇ ਗਏ ॥
ਮਹਾਪੁਰਖ[3] ਕਾਹੂ ਨ ਪਛਾਨਾ ॥
ਕਰਮ ਧਰਮ ਕੋ ਕਛੂ ਨਾ ਜਾਨਾ ॥੪੫॥

---

੧ਜੜ੍ਹੋਂ ਪੁੱਟਣਾ । ੨ਨਾਸ਼ ਕੀਤਾ । ੩ਵਾਹਿਗੁਰੂ ।

 www.sikhbookclub.com

ਅਵਰਨ ਕੀ ਆਸਾ ਕਿਛੁ ਨਾਹੀ ॥
ਏਕੈ ਆਸ ਧਰੋ ਮਨ ਮਾਹੀ ॥
ਆਨ ਆਸ ਉਪਜਤ ਕਿਛੁ ਨਾਹੀ ॥
ਵਾ ਕੀ ਆਸ ਧਰੋਂ ਮਨ ਮਾਹੀ ॥੪੬॥

ਦੋਹਰਾ ॥

ਕੋਈ ਪੜ੍ਹਤ ਕੁਰਾਨ ਕੋ
ਕੋਈ ਪੜ੍ਹਤ ਪੁਰਾਨ ॥
ਕਾਲ ਨ ਸਕਤ ਬਚਾਇ ਕੈ
ਫੋਕਟ ਧਰਮ ਨਿਦਾਨ[1] ॥੪੭॥

ਚੌਪਈ ॥

ਕਈ ਕੋਟਿ ਮਿਲਿ ਪੜ੍ਹਤ ਕੁਰਾਨਾ ॥
ਬਾਚਤ[2] ਕਿਤੇ ਪੁਰਾਨ ਅਜਾਨਾ ॥
ਅੰਤ ਕਾਲ ਕੋਈ ਕਾਮ ਨ ਆਵਾ ॥
ਦਾਵ ਕਾਲ ਕਾਹੂ ਨ ਬਚਾਵਾ ॥੪੮॥

ਕਿਉ ਨ ਜਪੋ ਤਾ ਕੋ ਤੁਮ ਭਾਈ ॥
ਅੰਤ ਕਾਲ ਜੋ ਹੋਇ ਸਹਾਈ ॥

---

੧ਅੰਤ ਨੂੰ। ੨ਪੜ੍ਹਨਾ।

[1]ਫੋਕਟ ਧਰਮ ਲਖੋ ਕਰ ਭਰਮਾ ॥
ਇਨ ਤੇ ਸਰਤ ਨ ਕੋਈ ਕਰਮਾ ॥੪੯॥

ਇਹ ਕਾਰਨ ਪ੍ਰਭੁ ਹਮੈ ਬਨਾਯੋ ॥
[2]ਭੇਦੁ ਭਾਖਿ ਇਹੁ ਲੋਕ ਪਠਾਯੋ ॥
ਜੋ ਤਿਨ ਕਹਾ ਸੁ ਸਭਨ ਉਚਰੋਂ ॥
ਡਿੰਭ[3] ਵਿੰਭ ਕਛੂ ਨੈਕ ਨ ਕਰੋਂ ॥੫੦॥

ਰਸਾਵਲ ਛੰਦ ॥

ਨ ਜਤਾ ਮੂੰਡ[4] ਧਾਰੋਂ ॥ ਨ ਮੁੰਦ੍ਰਕਾ ਸਵਾਰੋਂ ॥
ਜਪੋ ਤਾਸ ਨਾਮੰ ॥ ਸਰੈ ਸਰਬ ਕਾਮੰ ॥੫੧॥
ਨ ਨੈਨੰ ਮਿਚਾਊਂ[5] ॥ ਨ ਡਿੰਭੰ ਦਿਖਾਊਂ ॥
ਨ ਕੁਰਮੰ ਕਮਾਊਂ ॥ ਨ ਭੇਖੀ ਕਹਾਊਂ ॥੫੨॥

ਚੌਪਈ ॥

ਜੇ ਜੇ ਭੇਖ ਸੁ ਤਨ ਮੈਂ ਧਾਰੈ ॥
ਤੇ ਪ੍ਰਭੁ ਜਨ ਕਛੂ ਕੈ ਨ ਬਿਚਾਰੈ ॥

---

੧ਫੋਕੇ ਧਰਮਾਂ ਨੂੰ ਭਰਮ ਕਰ ਕੇ ਸਮਝੋ। ੨ਪਿਛੇ ਦਸਿਆ ਸਾਰਾ ਭੇਦ ਕਹਿਕੇ (ਪ੍ਰਭੂ ਨੇ) ਇਸ ਲੋਕ ਵਿਚ ਭੇਜਿਆ ਹੈ। ੩ਦੰਭ, ਪਾਖੰਡ। ੪ਸਿਰ। ੫ ਬੰਦ ਕਰਨੀਆਂ।

ਸਮਝ ਲੇਹੁ ਸਭ ਜਨ ਮਨ ਮਾਹੀ ॥
ਡਿੰਭਨ ਮੈ ਪਰਮੇਸੁਰ ਨਾਹੀ ॥੫੩॥
ਜੇ ਜੇ ਕਰਮ ਕਰਿ ਡਿੰਭ ਦਿਖਾਹੀਂ ॥
ਤਿਨ ਪਰਲੋਗਨ ਮੋ ਗਤਿ ਨਾਹੀਂ ॥
[1]ਜੀਵਤ ਚਲਤ ਜਗਤ ਕੇ ਕਾਜਾ ॥
ਸ੍ਵਾਂਗ ਦੇਖਿ ਕਰਿ ਪੂਜਤ ਰਾਜਾ ॥੫੪॥
ਸੁਆਂਗਨ ਮੈ ਪਰਮੇਸੁਰ ਨਾਹੀ ॥
ਖੋਜ ਫਿਰੈ ਸਭ ਹੀ ਕੋ ਕਾਹੀ ॥
[2]ਅਪਨੋ ਮਨੁ ਕਰ[3] ਮੋ ਜਿਹ ਆਨਾ ॥
ਪਾਰਬ੍ਰਹਮ ਕੋ ਤਿਨੀ ਪਛਾਨਾ ॥੫੫॥

ਦੋਹਰਾ ॥

ਭੇਖ ਦਿਖਾਇ ਜਗਤ ਕੋ
ਲੋਗਨ ਕੋ ਬਸਿ ਕੀਨ ॥
ਅੰਤ ਕਾਲ ਕਾਤੀ[4] ਕਟਿਓ
ਬਾਸੁ ਨਰਕ ਮੋ ਲੀਨ ॥੫੬॥

---

੧(ਦੰਭ ਕਰਕੇ) ਜੀਂਵਦਿਆਂ ਜਗਤ ਦੇ ਕੰਮ (ਚੰਗੇ) ਚਲਦੇ ਹਨ।
੨ਜਿਸ ਨੇ ਆਪਣਾ ਮਨ ਹੱਥ (ਵਸ) ਵਿਚ ਕਰ ਲੀਤਾ ਹੈ। ੩ਹੱਥ।
੪ਕਾਲ ਦੀ ਛੁਰੀ।

ਚੌਪਈ ॥

ਜੋ ਜੋ ਜਗ ਕੋ ਡਿੰਭ ਦਿਖਾਵੈ ॥
[1]ਲੋਗਨ ਮੂੰਡ ਅਧਿਕ ਸੁਖੁ ਪਾਵੈ ॥
ਨਾਸਾਂ ਮੂੰਦ ਕਰੇ ਪ੍ਰਣਾਮੰ ॥
ਫੋਕਟ ਧਰਮ ਨ ਕਉਡੀ ਕਾਮੰ ॥੫੭॥

ਫੋਕਟ ਧਰਮ ਜਿਤੇ ਜਗ ਕਰਹੀਂ ॥
ਨਰਕ ਕੁੰਡ ਭੀਤਰ ਤੇ ਪਰਹੀਂ ॥
[2]ਹਾਥ ਹਲਾਏ ਸੁਰਗ ਨ ਜਾਹੂ ॥
ਜੋ[3] ਮਨੁ ਜੀਤ ਸਕਾ ਨਹੀਂ ਕਾਹੂ ॥੫੮॥

ਕਬਿਬਾਚ ॥ ਦੋਹਰਾ ॥

ਜੋ ਨਿਜ[4] ਪ੍ਰਭ ਮੋ ਸੋ ਕਹਾ
ਸੋ ਕਹਿਹੋਂ ਜਗ ਮਾਹਿ ॥
ਜੋ ਤਿਹ ਪ੍ਰਭ ਕੋ ਧਿਆਇ ਹੈ
ਅੰਤ ਸੁਰਗ ਕੋ ਜਾਹਿ ॥੫੯॥

---

੧ਲੋਕਾਂ ਨੂੰ ਮੁੰਨ ਕੇ ਲੁੱਟ ਕੇ । ੨ਹੱਥ ਹਿਲਾਉਣ ਨਾਲ ਅਰਥਾਤ ਅੰਗ ਨਿਆਸ ਕਰਨ ਨਾਲ । ੩ਜੇਕਰ ਕੋਈ ਮਨ ਨੂੰ ਨਹੀਂ ਜਿੱਤ ਸਕਿਆ । ੪ਆਪ ਪ੍ਰਭੂ ਨੇ ।

 www.sikhbookclub.com

ਦੋਹਰਾ ॥

ਹਰਿ ਹਰਿ ਜਨ ਦੁਇ ਏਕ ਹੈ
ਬਿਬ ਬਿਚਾਰ ਕਛੁ ਨਾਹਿ ॥
ਜਲ ਤੇ ਉਪਜ ਤਰੰਗ ਜਿਉ
ਜਲ ਹੀ ਬਿਖੈ ਸਮਾਹਿ ॥੬੦॥

ਚੌਪਈ ॥

ਜੇ ਜੋ ਬਾਦਿ[1] ਕਰਤ ਹੰਕਾਰਾ ॥
ਤਿਨ ਤੇ ਭਿੰਨ ਰਹਤ ਕਰਤਾਰਾ ॥
ਬੇਦ ਕਤੇਬ ਬਿਖੈ ਹਰਿ ਨਾਹੀਂ ॥
ਜਾਨ ਲੇਹੁ ਹਰਿ ਜਨ ਮਨ ਮਾਹੀਂ ॥੬੧॥
ਆਂਖ ਮੂੰਦਿ ਕੋਊ ਡਿੰਭ ਦਿਖਾਵੈ ॥
ਆਂਧਰ[2] ਕੀ ਪਦਵੀ ਕਹਿ ਪਾਵੈ ॥
[3]ਆਂਖਿ ਮੀਚ ਮਗ ਸੂਝ ਨ ਜਾਈ ॥
ਤਾਹਿ ਅਨੰਤ ਮਿਲੈ ਕਿਮ ਭਾਈ ॥੬੨॥
ਬਹੁ ਬਿਸਥਾਰ ਕਹ ਲਉ ਕੋਈ ਕਹੈ ॥
[4]ਸਮਝਤ ਬਾਤਿ ਥਕਤ ਹੁਐ ਰਹੈ ॥

---

੧ਫਜ਼ੂਲ ਵਾਧੂ । ੨ਅੰਨ੍ਹਿਆਂ । ੩ਅੱਖ ਮੁੰਦ ਕੇ ਰਸਤਾ ਨਹੀਂ ਦਿਸਦਾ । ੪ਜਦ ਗਲ ਸਮਝ ਜਾਂਦਾ ਹੈ ਤਾਂ ਥੱਕ ਕੇ ਰਹਿ ਜਾਂਦਾ ਹੈ ।


www.sikhbookclub.com

ਰਸਨਾ ਧਰੈ ਕਈ ਜੋ ਕੋਟਾ ॥
ਤਦਪਿ ਗਨਤ ਤਿਹ ਪਰਤ ਸੁ ਤੋਟਾ ॥੬੩॥

ਦੋਹਰਾ ॥

ਜਬ ਆਇਸੁ ਪ੍ਰਭ ਕੋ ਭਯੋ
ਜਨਮੁ ਧਰਾ ਜਗ ਆਇ ॥
ਅਬ ਮੈ ਕਥਾ ਸੰਛੇਪਤੇ
ਸਭਹੂੰ ਕਹਤ ਸੁਨਾਇ ॥੬੪॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ ਮਮ ਆਗਿਆ ਕਾਲ
ਜਗ ਪ੍ਰਵੇਸ ਕਰਨ ਨਾਮ ਖਸਟਮੋ ਧਿਆਇ ਸਮਾਪਤਮਸਤੁ
ਸੁਭਮਸਤੁ ॥ ੬ ॥ ਅਫਜੂੰ ॥ ੨੭੯ ॥

ਅਥਿ ਕਬਿ ਜਨਮ ਕਥਨੰ ॥

ਚੌਪਈ ॥

ਮੁਰ ਪਿਤ ਪੂਰਬ ਕੀਯਸਿ ਪਯਾਨਾ ॥
ਭਾਂਤਿ ਭਾਂਤਿ ਕੇ ਤੀਰਥਿ ਨ੍ਹਾਨਾ ॥
ਜਬ ਹੀ ਜਾਤ ਤ੍ਰਿਬੇਣੀ[1] ਭਏ ॥
ਪੁੰਨ ਦਾਨ ਦਿਨ ਕਰਤ ਬਿਤਏ ॥੧॥

---

[1] ਪ੍ਰਯਾਗ ਰਾਜ ।

ਤਹੀ ਪ੍ਰਕਾਸ ਹਮਾਰਾ ਭਯੋ ॥
ਪਟਨਾ ਸਹਰ ਬਿਖੈ ਭਵ[1] ਲਯੋ ॥
ਮੱਦ੍ਰ[2] ਦੇਸ ਹਮ ਕੋ ਲੇ ਆਏ ॥
ਭਾਂਤਿ ਭਾਂਤਿ ਦਾਈਅਨਿ ਦੁਲਰਾਏ ॥੨॥
ਕੀਨੀ ਅਨਿਕ ਭਾਂਤਿ ਤਨ ਰੱਛਾ ॥
ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥
ਜਬ ਹਮ ਧਰਮ ਕਰਮ ਮੋ ਆਏ ॥
ਦੇਵ ਲੋਕ ਤਬ ਪਿਤਾ ਸਿਧਾਏ ॥੩॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ ਨਾਮ ਸਪਤਮੋ ਧਿਆਇ ਸਮਾਪਤਮਸਤੁ ਸੁਭਮਸਤੁ ॥ ੭ ॥ ਅਫਜੂੰ ॥ ੨੮੦ ॥

ਅਥ ਰਾਜ ਕਾਜ ਕਥਨੰ ॥

ਚੌਪਈ ॥

ਰਾਜ ਸਾਜ ਹਮ ਪਰ ਜਬ ਆਯੋ ॥
ਜਥਾ ਸਕਤ ਤਬ ਧਰਮ ਚਲਾਯੋ ॥
ਭਾਂਤਿ ਭਾਂਤਿ ਬਨ ਖੇਲ ਸਿਕਾਰਾ ॥
ਮਾਰੇ ਰੀਛ ਰੋਝ ਝੰਖਾਰਾ ॥

---

੧ਜਨਮ । ੨ਪੰਜਾਬ ।


www.sikhbookclub.com

[1]ਦੇਸ ਚਾਲ ਹਮ ਤੇ ਪੁਨਿ ਭਈ ॥
ਸਹਰ ਪਾਂਵਟਾ ਕੀ ਸੁਧਿ ਲਈ ॥
ਕਾਲਿੰਦ੍ਰੀ[2] ਤਟਿ[3] ਕਰੇ ਬਿਲਾਸਾ ॥
ਅਨਿਕ ਭਾਂਤਿ ਕੇ ਪੇਖ ਤਮਾਸਾ ॥੨॥
ਤਹ ਕੇ ਸਿੰਘ[4] ਘਨੇ ਚੁਨਿ ਮਾਰੇ ॥
ਰੋਝ ਰੀਛ ਬਹੁ ਭਾਂਤਿ ਬਿਦਾਰੇ ॥
ਫਤੇ ਸਾਹ ਕੋਪਾ ਤਬਿ ਰਾਜਾ ॥
[5]ਲੋਹ ਪਰਾ ਹਮ ਸੋ ਬਿਨੁ ਕਾਜਾ ॥੩॥

ਭੁਜੰਗ ਪ੍ਰਯਾਤ ਛੰਦ ॥

ਤਹਾਂ ਸਾਹ ਸ੍ਰੀਸਾਹ[6] ਸੰਗ੍ਰਾਮ ਕੋਪੇ ॥
ਪੰਚੋ ਬੀਰ ਬੰਕੇ [7]ਪ੍ਰਿਥੀ ਪਾਇ ਰੋਪੇ ॥
ਹਠੀ ਜੀਤ ਮੱਲੰ ਸੁ ਗਾਜੀ ਗੁਲਾਬੰ ॥
ਰਣੰ ਦੇਖੀਐ ਰੰਗ ਰੂਪੰ ਸਹਾਬੰ[8] ॥੪॥
ਹਠਿਯੋ ਮਾਹਰੀਚੰਦਯੰ ਗੰਗਰਾਮੰ ॥

---

੧ਅਸਾਥੋਂ ਦੇਸ਼ ਚਾਲ ਹੋਈ ਭਾਵ ਅਨੰਦਪੁਰ ਨੂੰ ਛੱਡ ਕੇ। ੨ਜਮਨਾ। ੩ਕਨਾਰਾ। ੪ਸ਼ੇਰ। ੫ ਬਿਨਾਂ ਮਤਲਬੋਂ ਸਾਡੇ ਨਾਲ ਜੰਗ ਛਿੜ ਪਿਆ। ੬ਸੰਗੋ ਸ਼ਾਹ-ਬੀਬੀ ਵੀਰੋ ਜੀ ਦੇ ਪੰਜ ਪੁੱਤਰਾਂ ਵਿਚੋਂ ਹੈ। ੭ਧਰਤੀ ਉਤੇ ਪੈਰ ਗੱਡ ਦਿਤੇ। ੮ਸੂਹਾ, ਲਾਲ।

ਜਿਨੈ ਕਿਤਯੰ ਜਿਤਿਯੰ ਫੌਜ ਤਾਮੰ ॥
ਕੁਪੋ ਲਾਲਚੰਦੰ ਕੀਏ ਲਾਲ ਰੂਪੰ ॥
ਜਿਨੈ ਗੱਜੀਯੰ ਗਰਬ ਸਿੰਘੰ ਅਨੂਪੰ ॥੫॥
ਕੁਪਿਯੋ ਮਾਹਰੂ ਕਾਹਰੂ ਰੂਪ ਧਾਰੇ ॥
ਜਿਨੈ ਖਾਨ ਖਾਵੀਨਿਯੰ ਖੇਤ ਮਾਰੇ ॥
[੧]ਕੁਪਿਓ ਦੇਵਤੇਸੰ[੨] ਦਯਾਰਾਮ ਜੁੱਧੰ ॥
ਕੀਯੋ ਦ੍ਰੋਣਕੀ[੩] ਜਿਉ ਮਹਾ ਜੁੱਧ ਸੁੱਧੰ ॥੬॥
ਕ੍ਰਿਪਾਲ[੪] ਕੋਪਿਯੰ ਕੁਤਕੋ ਸੰਭਾਰੀ ॥
ਹਠੀ ਖਾਨ ਹੱਯਾਤ ਕੇ ਸੀਸ ਝਾਰੀ ॥
ਉਠੀ ਛਿੱਛ[੫] ਇੱਛੰ ਕਢਾ ਮੇਝ ਜੋਰੰ ॥
ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ ॥੭॥
ਤਹਾ ਨੰਦਚੰਦੰ ਕੀਯੋ ਕੋਪੁ ਭਾਰੋ ॥
ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ ॥
ਤੁਟੀ ਤੇਗ ਤ੍ਰਿੱਖੀ ਕਢੇ ਜੱਮਦੱਢੰ[੬] ॥
ਹਠੀ ਰਾਖਯੰ ਲੱਜ ਬੰਸੰ ਸਨੱਢੰ ॥੮॥

---

੧ਪੰਡਿਤ ਦਯਾਰਾਮ ਜੀ ਨੇ ਜੁੱਧ ਵਿਚ ਵੱਡਾ ਕ੍ਰੋਧ ਕੀਤਾ। ੨ਬ੍ਰਹਮਣ। ੩ਦਰੋਣਾ ਚਾਰਯ। ੪(ਮਹੰਤ) ਕ੍ਰਿਪਾਲ ਦਾਸ (ਉਦਾਸੀ) ਨੇ। ੫ ਛਿੱਟਾਂ। ੬ਕਟਾਰ। ੭ਸੋਢੀਆਂ ਦੀ।


www.sikhbookclub.com

ਤਹਾਂ ਮਾਤਲੇਯੰ[1] ਕ੍ਰਿਪਾਲੰ ਕ੍ਰੱਧੰ ॥
[2]ਛਕਿਓ ਛੋਭ ਛੱਤ੍ਰੀ ਕਰਯੋ ਜੁੱਧ ਸੁੱਧੰ ॥
ਸਹੇ ਦੇਹ ਆਪੰ ਮਹਾਂਬੀਰ ਬਾਣੰ ॥
[3]ਕਰੇ ਖਾਨ ਬਾਨੀਨ[4] ਖਾਲੀ ਪਲਾਣੰ ॥ ੯ ॥
ਹਠਿਯੋ ਸਾਹਬੰਚੰਦ ਖੇਤੰ ਖਤ੍ਰਿਯਾਣੰ[6] ॥
[7]ਹਨੇ ਖਾਨ ਖੂਨੀ ਖੁਰਾਸਾਨ ਭਾਨੰ ॥
ਤਹਾਂ ਬੀਰ ਬੰਕੇ ਭਲੀ ਭਾਂਤਿ ਮਾਰੇ ॥
ਬਚੇ ਪ੍ਰਾਨ ਲੈ ਕੇ ਸਿਪਾਹੀ ਸਿਧਾਰੇ ॥੧੦॥
ਤਹਾਂ ਸਾਹ ਸੰਗ੍ਰਾਮ ਕੀਨੇ ਅਖਾਰੇ ॥
ਘਨੇ ਖੇਤ ਮੋ ਖਾਨ ਖੂਨੀ ਲਤਾਰੇ ॥
ਨ੍ਰਿਪੰ ਗੋਪਲਾਯੰ ਖਰੋ ਖੇਤ ਗਾਜੈ ॥
ਮ੍ਰਿਗਾ ਝੁੰਡ ਮੱਧਿਯੰ ਮਨੋ ਸਿੰਘ ਰਾਜੈ ॥੧੧॥
ਤਹਾਂ ਏਕ ਬੀਰੰ ਹਰੀ ਚੰਦ ਕੋਪਯੋ ॥
ਭਲੀ ਭਾਂਤਿ ਸੋ ਖੇਤ ਮੋ ਪਾਵ ਰੋਪਯੋ ॥

---

੧ ਮਾਮਾ। ੨ ਗੁੱਸੇ ਵਿਚ ਭਰੇ ਹੋਏ ਸੂਰਮੇ ਨੇ ਸ਼ੁੱਧ ਯੁੱਧ ਕੀਤਾ। ੩ ਬਾਂਕੇ ਖਾਨਾਂ ਦੇ ਘੋੜੇ ਖਾਲੀ ਕਰ ਦਿਤੇ। ੪ ਬਾਂਕੇ। ੫ ਘੋੜੇ। ੬ ਖਤ੍ਰਿਯ+ਆਨੰ = ਖੱਤਰੀਆਂ ਦੀ ਅਨਖ, ਖੱਤ੍ਰੀ ਕੁਲ ਦਾ ਸਾਹਿਬ ਚੰਦ। ੭ ਖੁਰਾਸਾਨ ਦੇ ਸੂਰਜ ਖੂਨੀ ਖਾਨ ਮਾਰੇ।

 www.sikhbookclub.com

ਮਹਾ ਕ੍ਰੋਧ ਕੈ ਤੀਰ ਤੀਖੇ ਪ੍ਰਹਾਰੇ[1] ॥
ਲਗੈ ਜੌਨ ਕੇ ਤਾਹਿ ਪਾਰੈ ਪਧਾਰੇ ॥੧੨॥

ਰਸਾਵਲ ਛੰਦ ॥

ਹਰੀ ਚੰਦ ਕ੍ਰੁੱਧੰ ॥ ਹਨੇ ਸੂਰ ਸੁੱਧੰ ॥
ਭਲੇ ਬਾਣ ਬਾਹੇ ॥ ਬਡੇ ਸੈਨ ਗਾਹੇ ॥੧੩॥
ਰਸੰ ਰੁੱਦ੍ਰ ਰਾਚੇ ॥ ਮਹਾ ਲੋਹ ਮਾਚੇ ॥
ਹਨੇ ਸਸਤ੍ਰ ਧਾਰੀ ॥ ਲਿਟੇ ਭੂਪ ਭਾਰੀ ॥੧੪॥
ਤਬੈ ਜੀਤਮੱਲੰ ॥ ਹਰੀ ਚੰਦ ਭੱਲੰ ॥
ਹ੍ਰਿਦੈ ਐਂਚ ਮਾਰਿਓ ॥ ਸੁਖੇਤੰ ਉਤਾਰਿਓ ॥੧੫॥
ਲਗੇ ਬੀਰ ਬਾਣੰ ॥ ਰਿਸਿਯੋ ਤੇਜਿਮਾਣੰ ॥
[2]ਸਮੁਹ ਬਾਜ ਡਾਰੇ ॥ ਸੁਵਰਗੰ ਸਿਧਾਰੇ ॥੧੬॥

ਭੁਜੰਗ ਪ੍ਰਯਾਤ ਛੰਦ ॥

[3]ਖੁਲੈ ਖਾਨ ਖੂਨੀ ਖੁਰਾਸਾਨ ਖੱਗੰ ॥
ਪਰੀ ਸਸਤ੍ਰ ਧਾਰੰ ਉਠੀ [4]ਝਾਲ ਅੱਗੰ ॥
ਭਈ ਤੀਰ ਭੀਰੰ ਕਮਾਣੰ ਕੜੱਕੇ ॥

---

੧ ਮਾਰੇ । ੨ ਘੋੜੇ ਨੂੰ ਸਾਹਮਣੇ ਸੁੱਟ ਕੇ । ੩ ਖੂਨੀ ਖਾਨ ਖੁਰਾਸਾਨੀ ਤਲਵਾਰਾਂ ਖੋਲ੍ਹਦੇ ਹਨ, ਸੂਤਦੇ ਹਨ । ੪ ਅੱਗ ਵਾਂਗ ਚਮਕ ਅੱਗ ਦੀ ਲਾਟ ।

 www.sikhbookclub.com

ਗਿਰੇ ਬਾਜ[1] ਤਾਜੀ[2] ਲਗੇ ਧੀਰ ਧੱਕੇ ॥੧੭॥
[3]ਬਜੀ ਭੇਰਿ ਭੁੰਕਾਰ [4]ਧੁੱਕੇ ਨਗਾਰੇ ॥
ਦੂਹੂੰ ਓਰ ਤੇ ਬੀਰ ਬੰਕੇ ਬਕਾਰੇ[5] ॥
ਕਰੇ ਬਾਹੁ[6] ਆਘਾਤ[7] ਸਸਤ੍ਰੰ ਪ੍ਰਹਾਰੰ[8] ॥
ਡਕੀ ਡਾਕਣੀ ਚਾਂਵਡੀ ਚੀਤਕਾਰੰ[9] ॥੧੮॥

ਦੋਹਰਾ ॥

ਕਹਾ ਲਗੇ ਬਰਨਨ ਕਰੋਂ ਮਚਿਯੋ ਜੁਧੁ ਅਪਾਰ ॥
ਜੇ ਲੁੱਝੇ ਜੁੱਝੇ ਸਬੈ ਭੱਜੇ ਸੂਰ ਹਜਾਰ ॥੧੯॥

ਭੁਜੰਗ ਪ੍ਰਯਾਤ ਛੰਦ ॥

ਭਜਿਯੋ ਸਾਹ ਪਹਾੜ[10] ਤਾਜੀ ਤ੍ਰਿਪਾਯੰ ॥
[11]ਚਲਿਯੋ ਬੀਰੀਯਾ ਤੀਰੀਯਾ ਨ ਚਲਾਯੰ॥
[12]ਜਸੋ ਡੱਢਵਾਲੰ ਮਧੁੱਕਰ ਸੁ ਸਾਹੰ ॥

---

੧ ਘੋੜੇ। ੨ ਅਰਬੀ ਘੋੜੇ। ੩ ਭੇਰੀ ਭੂੰ ਭੂੰ ਕਰਕੇ ਵੱਜੀ। ੪ ਨਗਾਰੇ (ਧੰਕਾਰੇ) ਵਜੇ। ੫ ਗੂੱਜੇ। ੬ ਬਾਂਹ। ੭ ਚੋਟ, ਵਾਰ। ੮ ਮਾਰਦੇ ਹਨ। ੯ ਚੀਕਾਂ ਮਾਰਦੀ ਸੀ। ੧੦ ਘੋੜੇ ਨੂੰ ਕੁਦਾ ਕੇ। ੧੧ (ਦੁਸ਼ਮਣ) ਭੱਜ ਚਲਿਆ ਤਾਂ ਸਾਡੇ ਬੀਰਾਂ ਨੇ ਤੀਰ ਚਲਾਏ। ੧੨ ਜਸਵਾਲੀਆ ਤੇ ਡਢਵਾਲ ਦਾ ਮਧੁਕਰ ਸਾਹ।

 www.sikhbookclub.com

ਭਜੇ ਸੰਗ ਲੈ ਕੈ ਸੁ ਸਾਰੀ ਸਿਪਾਹੰ[1] ॥੨੦॥

[2]ਚਕ੍ਰਿਤ ਚੌਂਪਿਯੋ ਚੰਦ ਗਾਜੀ ਚੰਦੇਲੰ ॥
ਹਠੀ ਹਰੀ ਚੰਦੰ ਗਹੇ ਹਾਥ ਸੇਲੰ ॥
ਕਰਿਓ ਸੁਆਮਿ ਧਰਮੰ ਮਹਾ ਰੋਸ ਰੁੱਝਿਯੰ[3] ॥
ਗਿਰਿਓ ਟੂਕ ਟੂਕ ਹ੍ਵੈ ਇਸੋ ਸੂਰ ਜੁੱਝਿਯੰ॥੨੧॥

ਤਹਾ ਖਾਨ ਨੈਜਾਬਤੋ ਆਨ ਕੈ ਕੈ ॥
ਹਨਿਓ ਸਾਹ ਸੰਗ੍ਰਾਮ[4] ਕੌ ਸਸਤ੍ਰ ਲੈ ਕੈ॥
ਕਿਤੈ ਖਾਨ ਬਾਨੀਨ ਹੂੰ ਅਸਤ੍ਰ ਝਾਰੇ ॥
ਸਹੀ ਸਾਹ ਸੰਗ੍ਰਾਮ ਸੁਰਗੰ ਸਿਧਾਰੇ ॥੨੨॥

ਦੋਹਰਾ ॥

ਮਾਰਿ ਨਿਜਾਬਤ ਖਾਨ ਕੌ
ਸੰਗੋ ਜੁਝੈ ਜੁਝਾਰ ॥
ਹਾ ਹਾ ਇਹ ਲੋਕੈ ਭਇਓ
ਸੁਰਗ ਲੋਕ ਜੈਕਾਰ ॥੨੩॥

---

੧ ਸੈਨਾ । ੨ ਗਾਜੀ ਚੰਦ ਚੰਦੇਲ ਹੈਰਾਨ ਹੋ ਕੇ ਚਮਕਿਆ । ੩ ਰੁੱਝ ਕੇ । ੪ ਸੰਗ੍ਰਾਮ ਸ਼ਾਹ (ਸ਼ੰਗੋ ਸ਼ਾਹ) ਸਤਿਗੁਰਾਂ ਨੇ ਸੰਗੋਸ਼ਾਹ ਨੂੰ ਯੁੱਧ ਦਾ ਬਾਦਸ਼ਾਹ ਦਾ ਖਿਤਾਬ ਦਿੱਤਾ ਸੀ ।

 www.sikhbookclub.com

ਭੁਜੰਗ ਛੰਦ ॥

ਲਖੇ ਸਾਹ ਸੰਗ੍ਰਾਮ ਜੁੱਝੇ ਜੁਝਾਰੰ ॥
ਤਵੰ ਕਟੀ[1] ਬਾਣੰ ਕਮਾਣੰ ਸੰਭਾਰੰ ॥
ਹਨਿਯੋ ਏਕ ਖਾਨੰ [2]ਖਿਆਲੰ ਖਤੰਗੰ ॥
ਡਸਿਯੋ ਸਤ੍ਰ ਕੋ ਜਾਨੁ ਸਜਾਮੰ ਭੁਜੰਗੰ ॥੨੪॥
ਗਿਰਿਯੋ ਭੂਮ ਸੋ ਬਾਣ ਦੂਜੋ ਸੰਭਾਰਯੋ ॥
ਮੁਖੰ ਭੀਖਨੰਖਾਨ ਕੇ ਤਾਨ ਮਾਰਯੋ ॥
[3]ਭਜਿਯੋ ਖਾਨ ਖੂਨੀ ਰਹਿਯੋ ਖੇਤ ਤਾਜੀ ॥
ਤਜੇ ਪ੍ਰਾਣ ਤੀਜੈ ਲਗੇ ਬਾਣ ਬਾਜੀ[4] ॥੨੫॥
ਛੁਟੀ ਮੂਰਛਨਾ ਹਰੀ ਚੰਦੰ ਸੰਭਾਰੇ ॥
ਗਹੇ ਬਾਣ ਕਾਮਾਨ ਤੇ ਐਂਚ ਮਾਰੇ ॥
ਲਗੇ ਅੰਗ ਜਾ ਕੇ ਰਹੇ ਨਾ ਸੰਭਾਰੰ ॥
ਤਨੰ ਤਿਆਗ ਤੇ ਦੇਵ ਲੋਕੰ ਪਧਾਰੰ ॥੨੬॥
ਦੁਯੰ ਬਾਨ ਖੈਂਚੇ ਇਕੰ ਬਾਰ ਮਾਰੇ ॥
ਬਲੀ ਬੀਰ ਬਾਜੀਨ ਤਾਜੀ ਬਿਦਾਰੇ ॥

---

੧ ਸਤਿਗੁਰੂ ਜੀ ਆਪਣੇ ਆਪ ਨੂੰ ਕੀਟ' ਕਹਿ ਰਹੇ ਹਨ।
੨ ਖਿਆਲ ਦੇ ਕੇ ਤੀਰ ਮਾਰਿਆ। ੩ ਭੀਖਨ ਖਾਂ ਭੱਜ ਗਿਆ ਤੇ ਉਸ ਦਾ ਘੋੜਾ ਯੁੱਧ ਵਿਚ ਵਿਚ ਹੀ ਰਹਿਆ। ੪ ਘੋੜਾ।

ਜਿਸੈ ਬਾਨ ਲਾਗੈ ਰਹੇ ਨ ਸੰਭਾਰੰ ॥
ਤਨੰ ਬੇਧਿ ਕੈ ਤਾਹਿ ਪਾਰੰ ਸਿਧਾਰੰ ॥੨੭॥
ਸਭੈ ਸ੍ਵਾਮਿ ਧਰਮੰ ਸੁ ਬੀਰੰ ਸੰਭਾਰੇ ॥
ਡਕੀ[1] ਡਾਕਣੀ ਭੂਤ ਪ੍ਰੇਤੰ ਬਕਾਰੇ[2] ॥
ਹਸੇ ਬੀਰ ਬੈਤਾਲ ਔ [3]ਸੁੱਧ ਸਿੱਧੰ ॥
ਚਵੀ ਚਾਵਡੀਯੰ ਉਡੀ ਗ੍ਰਿੱਧ ਬ੍ਰਿੱਧੰ ॥੨੮॥
ਹਰੀ ਚੰਦ ਕੋਪੇ ਕਮਾਣੰ ਸੰਭਾਰੰ ॥
ਪ੍ਰਥਮ ਬਾਜੀਯੰ ਤਾਣ ਬਾਣ ਪ੍ਰਹਾਰੰ ॥
ਦੁਤੀਯ ਤਾਕ ਕੈ ਤੀਰ ਮੋਕੌ ਚਲਾਯੰ ॥
ਰਖਿਓ ਦਈਵ ਮੈ ਕਾਮ ਛ੍ਵੈ ਕੈ ਸਿਧਾਯੰ ॥੨੯॥
ਤ੍ਰਿਤੀਯ ਬਾਣ ਮਾਰਿਯੋ ਸੁ ਪੇਟੀ ਮਝਾਰੰ ॥
ਬਿਧਿਅੰ[4] ਚਿਲਕਤੰ ਦੁਆਲ[5] ਪਾਰੰ ਪਧਾਰੰ ॥
ਚੁਭੀ ਚਿੰਚ ਚਰਮੰ ਕਛੂ ਘਾਇ ਨ ਆਯੰ ॥
ਕਲੰ[6] ਕੇਵਲੰ ਜਾਨ ਦਾਸੰ ਬਚਾਯੰ ॥੩੦॥

ਰਸਾਵਲ ਛੰਦ ॥

ਜਬੈ ਬਾਨ ਲਾਗਜੋ ॥ ਤਬੈ ਰੋਸ ਜਾਗਜੋ ॥

---

੧ ਡਕਾਰੀ । ੨ ਲਲਕਾਰੇ । ੩ ਸਿਧ-ਸੁਧ । ੪ ਕੁੜਤੇ ਵਾਂਗ ਇਕ ਕਪੜਾ, ਸੰਜੋਅ । ੫ ਪੇਟੀ ਦਾ ਤਸਮਾ । ੬ ਕਾਲ ਨੇ ।

 www.sikhbookclub.com

ਕਰੰ ਲੈ ਕਮਾਣੰ ॥ ਹਨੰ ਬਾਣ ਤਾਣੰ ॥੩੧॥
ਸਬੈ ਬੀਰ ਧਾਏ ॥ ਸਰੋਘੰ[1] ਕਲਾਏ ॥
ਤਬੈ ਤਾਕਿ ਬਾਣੰ ॥ ਹਨਯੋ ਏਕ ਜੁਆਨੰ ॥੩੨॥
ਹਰੀ ਚੰਦ ਮਾਰੇ ॥ ਸੁ ਜੋਧਾ ਲਤਾਰੇ ॥
[2]ਸੁ ਕਾਰੋੜ ਰਾਯੰ॥ ਵਹੈ ਕਾਲ ਘਾਯੰ ॥੩੩॥
ਰਣੰ ਤਿਆਗਿ ਭਾਗੇ॥ ਸਬੈ ਤ੍ਰਾਸ[3] ਪਾਗੇ॥
ਭਈ ਜੀਤ ਮੇਰੀ ॥ ਕ੍ਰਿਪਾ ਕਾਲ ਕੇਰੀ ॥੩੪॥
ਰਣੰ ਜੀਤਿ ਆਏ ॥ ਜਯੰ ਗੀਤ ਗਾਏ ॥
[4]ਧਨੰ ਧਾਰ ਬਰਖੇ ॥ ਸਬੈ ਸੂਰ ਹਰਖੇ ॥੩੫॥

ਚੌਪਈ ॥

ਜੁੱਧ ਜੀਤ ਆਏ ਜਬੈ
ਟਿਕੈ ਨ ਤਿਨ ਪੁਰ ਪਾਵ ॥
ਕਾਹਲੂਰ ਮੈਂ ਬਾਂਧਿਯੋ
ਆਨ ਆਨੰਦਪੁਰ ਗਾਂਵ ॥੩੬॥
ਜੇ ਜੇ ਨਰ ਤਹੱ ਨਾ ਭਿਰੇ
ਦੀਨੇ ਨਗਰ ਨਿਕਾਰ ॥

---

੧ (ਸਰ–ਓਘ) ਅਚੁਕ ਤੀਰ, ਤੀਰਾਂ ਦੀ ਵਰਖਾ। ੨ ਕੋਟ ਲੇਹਰ ਦਾ ਰਾਜਾ ਕ੍ਰੋੜ ਰਾਏ। ੩ ਡਰ ਵਿਚ। ੪ ਧਨ ਦਾ ਮੀਂਹ ਵਰਸਾਇਆ।

**ਜੇ ਤਿਹ ਠਉਰ ਭਲੇ ਭਿਰੇ**
**ਤਿਨੈ ਕਰੀ ਪ੍ਰਤਿਪਾਰ ॥੩੭॥**

ਚੌਪਈ ॥

**ਬਹੁਤ ਦਿਵਸ ਇਹ ਭਾਂਤ ਬਿਤਾਏ ॥**
**ਸੰਤ ਉਬਾਰ ਦੁਸਟ ਸਭ ਘਾਏ ॥**
**[1]ਟਾਂਗ ਟਾਂਗ ਕਰਿ ਹਨੇ ਨਿਦਾਨਾ[2] ॥**
**[3]ਕੂਕਰ ਜਿਮਿ ਤਿਨ ਤਜੇ ਪਰਾਨਾ ॥੩੮॥**

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਭੰਗਾਣੀ ਜੁਧ ਬਰਨੰਨ ਨਾਮ ਅਸਟਮੋ ਧਿਆਇ ਸਮਾਪਤਮਸਤੁ ਸੁਭਮਸਤੁ ॥ ੮॥ ਅਫਜੂ ॥ ੩੨੦ ॥

ਅਬ ਨਦਉਣ ਕਾ ਜੁਧ ਬਰਨੰਨ ॥

ਚੌਪਈ ॥

**ਬਹੁਤ ਕਾਲ ਇਹ ਭਾਂਤਿ ਬਿਤਾਯੋ ॥**
**[4]ਮੀਆਂ ਖਾਨ ਜੰਮੂ ਕਹ ਆਯੋ ॥**
**ਅਲਫ ਖਾਨ ਨਾਦੌਣ ਪਠਾਵਾ ॥**
**ਭੀਮਚੰਦ [5]ਤਨ ਬੈਰ ਬਢਾਵਾ ॥ ੧ ॥**

---

੧ ਟੰਗ ਟੰਗ ਕੇ ਦੁਖੀ ਕਰ ਕੇ। ੨ ਅੰਤ ਨੂੰ। ੩ ਕੁੱਤਿਆਂ ਵਾਂਗ। ੪ ਮੀਆਂ ਖਾਨ ਪਹਾੜੀ ਇਲਾਕੇ ਦਾ ਅਹਿਲਕਾਰ ਕਰ ਉਗਰਾਹੁਣ ਲਈ ਜੰਮੂ ਆਇਆ। ੫ ਨਾਲ।

ਜੁੱਧ ਕਾਜ ਨ੍ਰਿਪ ਹਮੈ ਬੁਲਾਯੋ ॥
ਆਪਿ ਤਵਨ ਕੀ ਓਰ ਸਿਧਾਯੋ ॥
ਤਿਨ ਕਠਗੜ੍ਹ[1] ਨਵਰਸ ਪਰ ਬਾਂਧਯੋ ॥
ਤੀਰ ਤੁਫੰਗ ਨਰੇਸਨ ਸਾਂਧਯੋ ॥ ੨ ॥

ਭੁਜੰਗ ਛੰਦ ॥

ਤਹਾ ਰਾਜ ਸਿੰਘੰ ਬਲੀ ਭੀਮ ਚੰਦੰ ॥
ਚੜ੍ਹਿਓ ਰਾਮ ਸਿੰਘੰ ਮਹਾ ਤੇਜ ਵੰਦੰ ॥
ਸੁਖੰ[4] ਦੇਵ ਗਾਜੀ ਜਸਾਰੋਟ ਰਾਜੰ ॥
ਚੜ੍ਹੇ ਕ੍ਰੁੱਧ ਕੀਨੇ ਕਰੇ ਸਰਬ ਕਾਜੰ ॥ ੩ ॥
ਪ੍ਰਿਥੀ ਚੰਦ ਚਢਿਓ ਡਢੇ[6] ਡਢਵਾਰੰ ॥
ਚਲੇ ਸਿੱਧ[7] ਹੁਐ ਕਾਜ ਰਾਜੰ ਸੁਧਾਰੰ ॥
ਕਰੀ ਢੂਕ ਢੋਐਂ ਕਿਰਪਾਲ ਚੰਦੰ ॥
ਹਟਾਏ ਸਬੈ ਮਾਰਿ ਕੈ ਬੀਰ ਬ੍ਰਿੰਦੰ ॥ ੪ ॥

---

੧ਕਾਠ ਦਾ ਕਿਲ੍ਹਾ। ੨ਇਕ ਟਿੱਲੇ ਦਾ ਨਾਮ ਹੈ। ੩ਭੀਮ ਚੰਦ ਨਾਲ ਰਾਜ ਸਿੰਘ ਤੇ ਰਾਮ ਸਿੰਘ ਹੈ। ੪ਜਸਰੋਟ ਦਾ ਰਾਜਾ ਸੁਖਦੇਵ। ੫ ਡਢਵਾਲ ਦਾ ਡਾਢਾ ਸਰਦਾਰ ਪ੍ਰਿਥੀ ਚੰਦ ਚੜ੍ਹਿਆ। ੬ਡਾਢਾ। ੭ਤਿਆਰ ਹੋ ਕੇ। ੮ਅੱਗੇ ਵੱਧ ਕੇ ਮੁਕਾਬਲਾ ਕੀਤਾ।

ਦੁਤੀਯ ਢੋਅ ਢੂਕੈ ਵਹੇ ਮਾਰਿ ਉਤਾਰੀ ॥
ਖਰੇ ਦਾਂਤ ਪੀਸੈ ਛੁਭੈ ਛੱਤ੍ਰਧਾਰੀ ॥
ਉਤੈ ਵੈ ਖਰੇ ਬੀਰ ਬੰਬੈ[1] ਬਜਾਵੈਂ ॥
ਤਰੇ ਭੂਪ ਠਾਂਢੇ ਬਡੋ ਸੋਕੁ ਪਾਵੈਂ ॥ ੫ ॥

ਤਬੈ ਭੀਮ ਚੰਦੰ ਕੀਯੋ ਕੋਪ ਆਪੰ ॥
ਹਨੂਮਾਨ ਕੇ ਮੰਤ੍ਰ ਕੋ ਮੁਖ ਜਾਪੰ ॥
ਸਬੈ ਬੀਰ ਬੋਲੇ[2] ਹਮੈ ਭੀ ਬੁਲਾਯੰ ॥
ਤਬੈ ਢੋਅ ਕੈ ਕੈ ਸੁ ਨੀਕੇ ਸਿਧਾਯੰ ॥ ੬ ॥

ਸਬੈ ਕੋਪ ਕੈ ਕੈ ਮਹਾਬੀਰ ਢੂਕੇ ॥
[3]ਚਲੇ ਬਾਰਿਬੇ ਬਾਰ ਕੋ ਜਿਉ ਭਭੂਕੇ ॥
[4]ਤਹਾਂ ਬਿਝੁੜਿਆਲੰ ਹਠਿਓ ਬੀਰ ਦਿਆਲੰ ॥
ਉਠਿਓ ਸੈਨ ਲੈ ਸੰਗਿ ਸਾਰੀ ਕ੍ਰਿਪਾਲੰ ॥ ੭ ॥

ਮਧੁਭਾਰ ਛੰਦ ॥

ਕੁੱਪਿਓ ਕ੍ਰਿਪਾਲ[5] ॥ ਨਚੇ ਮਰਾਲ ॥

---

੧ਧੌਂਸੇ ਬੁਲਾ ਲਏ। ੨ਭਭੂਕੇ। ੩ਜਿਵੇਂ ਬਾਰ (ਵਾੜ) ਨੂੰ ਬਾਰਿਬੇ (ਸਾੜਨ) ਲਈ ਅੱਗ ਦੇ ਭਭੂਕੇ (ਲੰਬੇ) ਜਾਂਦੇ ਹਨ। ੪ਬਿਝੜ ਵਾਲੀਆ ਹਠੀ ਦਿਆਲ ਚੰਦ। ੫ ਕਾਂਗੜੇ ਦਾ ਕਿਰਪਾਲ ਚੰਦ।

ਬੱਜੇ ਬਜੰਤ ॥ ਕੂਰੰ ਅਨੰਤ ॥ ੮ ॥
ਜੁੱਝੰਤ ਜੁਆਨ ॥ ਬਾੈਹੈ ਕ੍ਰਿਪਾਨ ॥
ਜੀਅ ਧਾਰ ਕ੍ਰੋਧ ॥ ਛੱਡੇ ਸਰੋਘ ॥ ੯ ॥
ਲੁੱਝੈ ਨਿਦਾਨ ॥ ਤੱਜੰਤ ਪ੍ਰਾਨ ॥
ਗਿਰ ਪਰਤ ਭੂਮਿ ॥ ਜਣੁ ਮੇਘ ਝੂਮ ॥੧੦॥

ਰਸਾਵਲ ਛੰਦ ॥

ਕਿਰਪਾਲ ਕੋਪਿਯੰ ॥ ਹਠੀ ਪਾਵ ਰੋਪਿਯੰ ॥
ਸਰੋਘੰ ਚਲਾਏ ॥ ਬਡੇ ਬੀਰ ਘਾਏ ॥੧੧॥
ਹਣੇ ਛੱਤ੍ਰ ਧਾਰੀ ॥ ਲਿਟੇ[1] ਭੂਪ ਭਾਰੀ ॥
ਮਹਾਂ ਨਾਦ ਬਾਜੇ ॥ ਭਲੇ ਸੂਰ ਗਾਜੇ ॥੧੨॥
ਕ੍ਰਿਪਾਲੰ ਕਰੁਧੰ ॥ ਕੀਯੋ ਜੁੱਧ ਸੁੱਧੰ ॥
ਮਹਾਂ ਬੀਰ ਗੱਜੇ ॥ ਮਹਾਂ ਸਾਰ ਬੱਜੇ ॥੧੩॥
ਕਰੋ ਜੁੱਧ ਚੰਡੰ[2] ॥ ਸੁਣਿਯੋ ਨਾਵ ਖੰਡੰ ॥
ਚਲਿਯੋ ਸਸਤ੍ਰ ਬਾਹੀ॥ ਰਜੋਤੀ[3] ਨਿਬਾਹੀ॥੧੪॥

ਦੋਹਰਾ ॥

ਕੋਪ ਭਰੇ ਰਾਜਾ ਸਬੈ
ਕੀਨੋ ਜੁੱਧ ਉਪਾਇ ॥

---

੧ਲੇਟ ਗਏ । ੨ਘੋਰ ਯੁਧ । ੩ਰਾਜਪੂਤੀ ਆਣ ਨਿਬਾਹੀ ।

 www.sikhbookclub.com

ਸੈਨ ਕਟੋਚਨ ਕੀ ਤਬੈ
ਘੇਰ ਲਈ ਅਰਰਾਇ[1] ॥੧੫॥

ਭੁਜੰਗ ਛੰਦ ॥

ਚਲੇ ਨਾਂਗਲੂ[2] ਪਾਂਗਲੂ ਵੇਦੜੋਲੰ ॥
ਜਸਵਾਰੇ[3] ਗੁਲੇਰੇ ਚਲੇ ਬਾਂਧ ਟੋਲੰ ॥
[4]ਤਹਾਂ ਏਕ ਬਾਜਿਓ ਮਹਾਂ ਬੀਰ ਦਿਆਲੰ ॥
ਰਖੀ ਲਾਜ ਜੌਨੇ ਸਭੈ ਬਿਝੜਵਾਲੰ ॥੧੬॥
ਤਵੈਂ ਕੀਟ ਤੌ ਲੌ ਤੁਫੰਗੰ ਸੰਭਾਰੋ ॥
ਹ੍ਰਿਦੈ ਏਕ ਰਾਵੰਤ[5] ਕੇ ਤੱਕਿ ਮਾਰੋ ॥
ਗਿਰਿਓ ਝੂਮ ਭੂਮੈ [6]ਕਰਿਯੋ ਜੁਧ ਸੁਧੰ ॥
ਤਊ[7] ਮਾਰਿ ਬੋਲਿਜੋ ਮਹਾ ਮਾਨਿ ਕ੍ਰੁਧੰ ॥੧੭॥
[8]ਤਜਿਯੋ ਤੁਪਕੰ ਬਾਨ ਪਾਨੰ ਸੰਭਾਰੇ ॥
ਚਤੁਰ ਬਾਨਯੰ ਲੈ ਸੁ ਸੱਬਿਯੰ[9] ਪ੍ਰਹਾਰੇ ॥

---

੧ਲਲਕਾਰ ਕੇ । ੨ਰਾਜਪੂਤਾਂ ਦੇ (ਜ਼ਾਤ ਦੇ ਇਲਾਕੇ ਅਨੁਸਾਰ) ਨਾਸ । ੩ਦੂਜੇ ਪਾਸੇ ਇਕ ਮਹਾਨ ਜੋਧਾ 'ਦਿਆਲ' ਆ ਗਜਿਆ । ੪ਬੰਦੂਕ । ੫ ਰਾਜੇ ਦੇ । ੬ਯੁਧ ਦਾ ਹੀ (ਸੁਧ) ਖਿਆਲ ਕੀਤਾ । ੭ਮਹਾਮਾਨੀ ਕ੍ਰੋਧ ਕਰਕੇ 'ਮਾਰ ਲੌ' ਹੀ ਬੋਲਿਆ । ੮(ਮੈਂ) ਬਦੂਕ ਤਿਆਗ ਦਿੱਤੀ ਤੇ ਹੱਥ ਵਿਚ (ਧਨੁਖ) ਬਾਣ ਸੰਭਾਲ ਲਿਆ । ੯ਸੱਜੇ ਹੱਥ ਨਾਲ ।

 www.sikhbookclub.com

ਤ੍ਰਿਯੋ ਬਾਣ ਲੈ ਬਾਮ ਪਾਣੰ[1] ਚਲਾਏ ॥
ਲਗੇ ਯਾ ਲਗੇ ਨਾ ਕਛੂ ਜਾਨਿ ਪਾਏ ॥੧੮॥
ਸੁ ਤਉ ਲਉ ਦਈਵ[2] ਜੁਧ ਕੀਨੋ[3] ਉਝਾਰੰ॥
ਤਿਨੈ[4] ਖੇਦ ਕੈ [5]ਬਾਰਿ ਕੇ ਬੀਚ ਡਾਰੰ ॥
ਪਰੀ ਮਾਰ ਬੂੰਗੰ[6] ਛੁਟੀ ਬਾਣ ਗੋਲੀ ॥
ਮਨੋ ਸੂਰ ਬੈਠੇ ਭਲੀ ਖੇਲ ਹੋਲੀ ॥੧੯॥
ਗਿਰੇ ਬੀਰ ਭੂਮੰ[7] ਸਰੰ ਸਾਂਗ ਪੇਲੰ ॥
ਰੰਗੇ ਸ੍ਰੋਣ ਬਸਤ੍ਰੰ ਮਨੋ ਫਾਗ[8] ਖੇਲੰ ॥
ਲੀਯੋ ਜੀਤ ਬੈਰੀ ਕੀਆ ਆਨ ਡੇਰੰ ॥
ਤੇਊ ਜਾਇ ਪਾਰੰ ਰਹੇ ਬਾਰਿ[9] ਕੇਰੰ ॥੨੦॥
ਭਈ ਰਾਤ੍ਰਿ ਗੁਬਾਰ ਕੇ ਅਰਧ ਜਾਮੰ ॥
[10]ਤਬੈ ਛੋਰਿਗੈ ਬਾਰ ਦੇ ਵੈ ਦਮਾਮੰ ॥
ਸਬੈ ਰਾਤ੍ਰਿ ਬੀਤੀ ਉਦਿਓ[11] ਦਿਉਸਹਾਣੰ[12] ॥

---

੧ਹੱਥ। ੨ਪ੍ਰਮਾਤਮਾ ਨੇ। ੩ਛਿਨ ਭਿਨ ਕਰ ਦਿੱਤਾ। ੪ਦੁਖੀ ਕਰਕੇ ਧਕੇਲ ਕੇ। ੫ ਪਾਣੀ (ਨਦੀ) ਵਿਚ ਸੁਟੇ। ੬ਫੌਜ ਦੇ ਪਿਛਲੇ ਹਿੱਸੇ ਪੁਰ। ੭ਤੀਰਾਂ ਤੇ ਬਰਛਿਆਂ ਨਾਲ (ਪੇਲੰ) ਪਰੋਤੇ ਹੋਏ। ੮ਹੋਲੀ। ੯ਨਦੀ ਦੇ ਪਾਰ। ੧੦ਅੱਗ ਬਾਰ (ਬਾਲ) ਕੇ ਤੇ ਧੌਂਸੇ ਵੱਜਦੇ ਛੱਡ ਗਏ। ੧੧ਚੜ੍ਹਿਆ। ੧੨ਸੂਰਜ।

ਚਲੇ ਬੀਰ ਚਾਲਾਕ ਖੱਗੰ ਖਿਲਾਣੰ[1] ॥੨੧॥
ਭਜਿਓ ਅਲਫ ਖਾਨੰ ਨ ਖਾਨਾ[2] ਸੰਭਾਰਿਓ॥
ਭਜੇ ਅਉਰ ਬੀਰੰ ਨ ਧੀਰੰ ਬਿਚਾਰਿਓ ॥
[3]ਨਦੀ ਪੈ ਦਿਨੰ ਅਸਟ ਕੀਨੇ ਮੁਕਾਮੰ ॥
ਭਲੀ ਭਾਂਤਿ ਦੇਖੇ ਸਬੈ [4]ਰਾਜਧਾਮੰ ॥੨੨॥

ਚੌਪਈ ॥

ਇਤ ਹਮ ਹੋਇ ਬਿਦਾ ਘਰ ਆਏ ॥
ਸੁਲਹ ਨਮਿਤ ਵੈ ਉਤਹਿ ਸਿਧਾਏ ॥
ਸੰਧਿ[5] ਇਨੈ ਉਨ ਕੈ ਸੰਗਿ ਕਈ ॥
[6]ਹੇਤ ਕਥਾ ਪੂਰਨ ਇਤ ਭਈ ॥੨੩॥

ਦੋਹਰਾ ॥

[7]ਆਲਸੂਨ ਕਹੱ ਮਾਰਿ ਕੈ
ਇਹ ਦਿਸਿ ਕੀਓ ਪਿਯਾਨ ॥

---

੧ਖਿਲਾੜੀ। ੨ਭਜਨ ਭੀ। ੩ਅਸਾਂ ਅੱਠ ਦਿਨ ਹੋਰ ਨਦੀ ਦੇ ਕਿਨਾਰੇ ਡੇਰਾ ਕੀਤਾ। ਰਾਜ ਮਹੱਲ। ੫ ਸੁਲਾਹ, ਮੇਲ। ੬ਇਸ ਹੇਤ (ਵਾਸਤੇ) ਇਹ ਕਥਾ ਇਥੇ ਹੀ (ਸਮਾਪਤ) ਹੁੰਦੀ ਹੈ। ੭ਨਦੌਣ ਦੇ ਪਾਸ ਇਕ ਪਿੰਡ ਦਾ ਨਾਮ ।

 www.sikhbookclub.com

ਭਾਤਿ ਅਨੇਕਨ ਕੇ ਕਰੇ
ਪੁਰ ਅਨੰਦ ਸੁਖ ਆਨ ॥੨੪॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਨਦੌਨ ਜੁੱਧ ਬਰਨਨੰ ਨਾਮ ਨੌਮੋ ਧਿਆਇ ਸਮਾਪਤਮਸਤੁ ਸੁਭਮਸਤੁ । ੯॥ ਅਫਜੂੰ ॥੩੪੪॥

ਚੌਪਈ ॥

ਬਹੁਤ ਬਰਖ ਇਹ ਭਾਂਤਿ ਬਿਤਾਏ ॥
ਚੁਨਿ ਚੁਨਿ ਚੋਰ ਸਬੈ ਗਹਿ ਘਾਏ ॥
ਕੇਤਕ ਭਾਜਿ ਸਹਿਰ ਤੇ ਗਏ ॥
ਭੂਖ ਮਰਤ ਫਿਰਿ ਆਵਤ ਭਏ ॥
ਤਬ ਲੌ ਖਾਨ ਦਿਲਾਵਰ[1] ਆਏ ॥
ਪੂਤ ਆਪਨ ਹਮ ਓਰ[2] ਪਠਾਏ ॥
ਦ੍ਵੈਕ ਘਰੀ ਬੀਤੀ ਨਿਸਿ[3] ਜਬੈ ॥
[4]ਚੜਤ ਕਰੀ ਖਾਨਨ ਮਿਲਿ ਤਬੈ ॥
ਜਬ ਦਲ ਪਾਰ ਨਦੀ ਕੇ ਆਯੋ ॥
ਆਨ ਆਲਮੈ[5] ਹਮੈ ਜਗਾਯੋ ॥

---

੧ਫੌਜਦਾਰ । ੨ਮੇਰੀ ਤਰਫ । ੩ਰਾਤ । ੪ਚੜ੍ਹਾਈ ।
੫ ਡਿਉੜ੍ਹੀ ਦਾ ਸਰਦਾਰ ਆਲਮ ਚੰਦ ।

ਸੋਰੁ[1] ਪਰਾ ਸਭ ਹੀ ਨਰ ਜਾਗੇ ॥
ਗਹਿ ਗਹਿ ਸਸਤ੍ਰ ਬੀਰ ਰਿਸ ਪਾਗੇ ॥੧੩॥
ਛੂਟਨ ਲਗੀ ਤੁਫੰਗੈਂ ਤਬ ਹੀ ॥
ਗਹਿ ਗਹਿ ਸਸਤ੍ਰ [2]ਰਿਸਾਨੇ ਸਬ ਹੀ ॥
[3]ਕ੍ਰੂਰ ਭਾਂਤਿ ਤਿਨ ਕਰੀ ਪੁਕਾਰਾ ॥
ਸੋਰੁ ਸੁਨਾ ਸਰਤਾ ਕੇ ਪਾਰਾ ॥ ੪ ॥

ਭੁਜੰਗ ਪ੍ਰਯਾਤ ਛੰਦ ॥

[4]ਬਜੀ ਭੇਰ ਭੁੰਕਾਰ ਧੁੰਕੇ ਨਗਾਰੇ ॥
ਮਹਾਂਬੀਰ ਬਾਨੈਤ[5] ਬੰਕੇ ਬਕਾਰੇ[6] ॥
[7]ਭਏ ਬਾਹੁ ਆਘਾਤ ਨੱਚੇ ਮਰਾਲੰ ॥
ਕ੍ਰਿਪਾ ਸਿੰਧ ਕਾਲੀ ਗਰੱਜੀ ਕਰਾਲੰ ॥
[8]ਨਦੀਯੰ ਲਖਿਯੋ ਕਾਲ ਰਾਤ੍ਰੰ ਸਮਾਨੰ ॥
ਕਰੇ ਸੂਰਮਾ ਸੀਤ ਪਿੰਗੰ[9] ਪ੍ਰਮਾਨੰ[10] ॥

---

੧ਸ਼ੋਰ, ਰੌਲਾ। ੨ਸਾਰੇ ਗੁੱਸੇ ਵਿਚ ਆਏ। ੩ਤਿਨ੍ਹਾਂ ਨੇ ਬੁਰੀ ਤਰ੍ਹਾਂ ਰੌਲਾ ਪਾਇਆ। ੪ਭੇਰੀਆਂ ਭੂੰ ਭੂੰ ਕਰਕੇ ਬੱਜੀਆਂ ਤੇ ਧੌਂਸੇ ਦੀ ਗੂੰਜ ਉਠੀ। ੫ ਬਾਨਧਾਰੀ। ੬ਲਲਕਾਰੇ। ੭ਬਾਹਵਾਂ ਦੇ 'ਆਘਾਤ' ਵਾਰ ਹੋਏ ਅਤੇ ਘੋੜੇ ਨੱਚੇ। ੮ਨਦੀ ਨੂੰ ਕਾਲ ਦੀ ਰਾਤ ਬਰ ਬਰ ਸਮਝਿਆ। ੯ਪਿੰਗਲਿਆਂ ਦੇ। ੧੦ਸਮਾਨ, ਬਰਾਬਰ।

 www.sikhbookclub.com

ਇਤੇ ਬੀਰ ਗੱਜੇ ਭਏ ਨਾਦ ਭਾਰੇ ॥
ਭਜੇ ਖਾਨ ਖੂਨੀ ਬਿਨਾ ਸਸਤ੍ਰ ਝਾਰੇ[੧] ॥ ੬ ॥

ਨਰਾਜ ਛੰਦ ॥

ਨਿਲੱਜ ਖਾਨ ਭੱਜਿਓ ॥
ਕਿਨੀ ਨ ਸਸਤ੍ਰ ਸੱਜਿਓ ॥
ਸੁ ਤਿਆਗ ਖੇਤ ਕੌ ਚਲੇ ॥
[੨]ਸੁ ਬੀਰ ਬੀਰਹਾ ਭਲੇ ॥ ੭ ॥
ਚਲੇ [੩]ਤੁਰੇ ਤੁਰਾਇ ਕੈ ॥
ਸਕੇ ਨ ਸਸਤ੍ਰ ਉਠਾਇ ਕੈ ॥
ਨ ਲੈ ਹਥਿਆਰ ਗੱਜਹੀਂ ॥
[੪]ਨਿਹਾਰ ਨਾਰਿ ਲੱਜਹੀਂ ॥ ੮ ॥

ਦੋਹਰਾ ॥

ਬਰਵਾ[੫] ਗਾਉਂ ਉਜਾਰ ਕੈ
ਕਰੇ ਮੁਕਾਮ ਭਲਾਨ[੫] ॥
ਪ੍ਰਭ ਬਲ ਹਮੇ ਨ ਛੁਇ ਸਕੈ
ਭਾਜਤ ਭਏ ਨਿਦਾਨ ॥ ੯ ॥

---

੧ਝਾੜੇ ਚਲਾਇ ਬਿਨਾਂ ਹੀ । ੨ਬੀਰਾਂ ਨੂੰ ਮਾਰਨ ਵਾਲੇ । ੩ਘੋੜੇ ਭਜਾ ਕੇ ।
੩ ਔਰਤਾਂ ਨੂੰ ਦੇਖ ਲਜਾਉਂਦੇ ਹਨ । ੫ ਹੁਸ਼ਿਆਰਪੁਰ ਜ਼ਿਲੇ ਵਿਚ ਪਿੰਡ ਹਨ।

 www.sikhbookclub.com

**ਤਵ ਬਲ ਈਹਾ ਨ ਪਰ ਸਕੈ**
**ਬਰਵਾ ਹਨਾ ਰਿਸਾਇ ॥**
**[1]ਸਾਲਿਨ ਰਸ ਜਿਮ ਬਾਨੀਯੋ**
**ਰੋਰਨ ਖਾਤ ਬਨਾਇ ॥੧੦॥**

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ ਖਾਨਜਾਦੇ ਕੋ ਆਗਮਨ ਤ੍ਰਾਸਿਤ ਉਠ ਜੈਬੋ ਬਰਨੰਨ ਨਾਮ ਦਸਮੋ ਧਿਆਇ ਸਮਾਪਤਮਸਤੁ ਸੁਭਮਸਤੁ ॥੧੦॥ ਅਫਜੂੰ ॥ ੩੫੪ ॥

ਹੁਸੈਨੀ ਜੁੱਧ ਕਥਨੰ ॥

ਭੁਜੰਗ ਪ੍ਰਯਾਤ ਛੰਦ ॥

**ਗਯੋ ਖਾਨ ਜਾਦਾ ਪਿਤਾ ਪਾਸ ਭੱਜੰ ॥**
**ਸਕੈ ਜ੍ਵਾਬੁ ਦੈ ਨ ਹਨੇ ਸੂਰ ਲੱਜੰ ॥**
**ਤਹਾ ਠੋਕ ਬਾਹਾ ਹੁਸੈਨੀ ਗਰੱਜਿਯੰ ॥**
**ਸਬੈ ਸੂਰ ਲੈ ਕੈ [2]ਸਿਲਾ ਸਾਜ ਸੱਜਿਯੰ ॥ ੧ ॥**
**ਕਰਿਯੋ ਜੋਰ ਸੈਨੰ ਹੁਸੈਨੀ ਪਯਾਨੰ ॥**
**ਪ੍ਰਥਮ ਕੂਟਿ[3] ਕੈ ਲੂਟ ਲੀਨੇ ਅਵਾਨੰ[4] ॥**
**ਪੁਨਰ ਡੱਢਵਾਲੰ ਕੀਯੋ ਜੀਤਿ ਜੇਰੰ ॥**

---

੧ਜਿਵੇਂ ਬਾਨੀਆ ਮਾਸ ਦੇ ਸ੍ਵਾਦ ਲਈ ਰੋੜਾਂ ਦੀ ਭਾਜੀ ਬਣਾ ਕੇ ਖਾਵੇ । ੨ਸਸਤਰ ਤੇ ਸੰਜੋਆਂ ਸਜੀਆਂ । ੩ਪਹਾੜੀਆਂ ਦੇ । ੪ਘਰਾਂ ਨੂੰ ।

 www.sikhbookclub.com

ਕਰੰ ਬੰਦਿ[1] ਕੈ[2] ਰਾਜ ਪੁਤ੍ਰਾਨ ਚੇਰੰ[3] ॥ ੨ ॥
ਪੁਨਰਿ ਦੂਨਿ ਕੈ ਲੂਟਿ ਲੀਨੋ ਸੁਧਾਰੰ ॥
[4]ਕੋਈ ਸਾਮੁਹੇ ਹ੍ਵੈ ਸਕਿਯੋ ਨ ਗਵਾਰੰ ॥
ਲੀਯੋ ਛੀਨ ਅੰਨੰ ਦਲੰ ਬਾਂਟਿ ਦੀਯੰ ॥
ਮਹਾ ਮੂੜ੍ਹਿਯੰ ਕੁਤਸਤੰ[5] ਕਾਜ ਕੀਯੰ ॥

ਦੋਹਰਾ ॥

ਕਿਤਕ ਦਿਵਸ ਬੀਤਤ ਭਏ
ਕਰਤ ਉਸੈ[6] ਉਤਪਾਤ ॥
[7]ਗੁਆਲੇਰੀਅਨ ਕੀ ਪਰਤ ਭੀ
ਆਨ ਮਿਲਨ ਕੀ ਬਾਤ ॥ ੪ ॥
ਜੌ ਦਿਨ ਦੁਇਕ ਨ ਵੇ ਮਿਲਤ
ਤਬ ਆਵਤ ਅਰਰਾਇ ॥
ਕਾਲਿ ਤਿਨੂ ਕੇ ਘਰ ਬਿਖੈ
ਡਾਰੀ ਕਲਹ[8] ਬਨਾਇ ॥ ੫ ॥

ਚੌਪਈ ॥

ਗੁਆਲੇਰੀਆ ਮਿਲਨ ਕਹੁ ਆਏ ॥

---

੧ਕੈਦ । ੨ਜਾਂ । ੩ਸੇਵਕ । ੪ਕੋਈ ਮੂਰਖ ਪਹਾੜੀਆ ਸਾਹਮਣੇ ਨਾ ਹੋ ਸਕਿਆ । ੫ ਬੁਰਾ ਕੰਮ । ੬ਉਸ ਨੂੰ ਉਪਦ੍ਰਵ ਕਰਦਿਆਂ । ੭ਗਵਾਲੇਰੀਆਂ ਨੂੰ ਹੀ ਉਸ ਨਾਲ ਮਿਲਣ ਦੀ ਲੋੜ ਆਨ ਲਈ । ੮ਝਗੜਾ, ਲੜਾਈ ।

ਰਾਮ ਸਿੰਘ ਭੀ ਸੰਗਿ ਸਿਧਾਏ ॥
[1]ਚਤਰਥ ਆਨ ਮਿਲਤ ਭਏ ਜਾਮੰ ॥
[2]ਫੂਟਿ ਗਈ ਲਖਿ ਨਜਰਿ ਗੁਲਾਮੰ ॥ ੬ ॥

ਦੋਹਰਾ ॥

ਜੈਸੇ [3]ਰਵਿ ਕੇ ਤੇਜ ਤੇ
ਰੇਤ ਅਧਿਕ ਤਪਤਾਇ ॥
ਰਵਿ ਬਲਿ ਛੁਦ੍ਰ [4]ਨਾ ਜਾਨਈ
ਆਪਨ ਹੀ ਗਰਬਾਇ ॥ ੭ ॥

ਚੌਪਈ ॥

ਤੈਸੇ ਹੀ ਫੂਲ ਗੁਲਾਮ ਜਾਤ ਭਯੋ ॥
[5]ਤਿਨੈ ਨ ਦ੍ਰਿਸਟ ਤਰੇ ਆਨਤ ਭਯੋ ॥
ਕਾਹਲੂਰੀਆ ਕਟੌਚ ਸੰਗ ਲਹਿ ॥
ਜਾਨਾ ਆਨ[6] ਨਮੋ ਸਰ[7] ਮਹਿ[8] ਮਹਿ[9] ॥ ੮ ॥
ਤਿਨ ਜੋ ਧਨ ਆਨੋ ਥੋ ਸਾਥਾ ॥
ਤੇ ਦੇ ਰਹੇ ਹੁਸੈਨੀ ਹਾਥਾ ॥

---

੧ਚੌਥੇ ਪਹਿਰ ਆਨ ਕੇ ਮਿਲ ਪਏ। ੨ਇਹ ਜਾਣ ਕੇ ਗੁਲਾਮ (ਹੁਸੈਨੀ) ਦੀਆਂ ਅੱਖਾਂ ਫਟ ਗਈਆਂ, ਹੰਕਾਰ ਵਿਚ ਆ ਗਿਆ। ੩ਸੂਰਜ। ੪ਤੁਛ-ਰੇੜਾ। ੫ ਉਨ੍ਹਾਂ ਰਾਜਿਆਂ ਨੂੰ ਨਿਗਾਹ ਥਲੇ ਨਾ ਲਿਆਂਦਾ। ੬ਹੋਰ। ੭ਸੇਰੇ ਬਰਾਬਰ। ੮ਪ੍ਰਿਥਵੀ। ੯ਵਿਚ।

ਦੇਤ ਲੇਤ ਆਪਨ ਕੁਰਰਾਨੇ[੧] ॥
[੨]ਤੇ ਧਨਿ ਲੈ ਨਿਜਿ ਧਾਮ ਸਿਧਾਨੇ ॥ ੯ ॥
[੩]ਚੇਰੋ ਤਬੈ ਤੇਜ ਤਨ ਤਯੋ ॥
ਭਲਾ ਬੁਰਾ ਕਛੁ ਲਖਤ[੪] ਨ ਭਯੋ ॥
ਛੰਦ[੫] ਬੰਦ ਨਹ ਨੈਕੁ[੬] ਬਿਚਾਰਾ ॥
ਜਾਤ[੭] ਭਯੋ ਦੇ ਤਬਹਿ ਨਗਾਰਾ ॥੧੦॥
ਦਾਵ ਘਾਵ ਤਿਨ ਨੈਕੁ ਨ ਕਰਾ ॥
[੮]ਸਿੰਘਹਿ ਘੇਰਿ ਸਸਾ ਕਹੁ ਡਰਾ ॥
ਪੰਦ੍ਰਹ ਪਹਿਰ ਗਿਰਦ[੯] ਤਿਨ ਕੀਯੋ ॥
ਖਾਨ ਪਾਨ ਤਿਨ ਜਾਨ ਨ ਦੀਯੋ ॥੧੧॥
ਖਾਨ ਪਾਨ ਬਿਨ ਸੂਰਿ ਰਿਸਾਏ[੧੦] ॥
[੧੧]ਸਾਮ ਕਰਤ ਹਿਤ [੧੨]ਦੂਤ ਪਠਾਏ ॥
[੧੩]ਦਾਸ ਨਿਰਖ[੧੪] ਸੰਗਿ [੧੫]ਸੈਨ ਪਠਾਨੀ॥

---

੧ਝਗੜ ਪਏ। ੨ਉਹ [ਦੋਨੋਂ ਰਾਜੇ] ਧਨ ਲੈ ਕੇ ਵਾਪਸ ਘਰਾਂ ਨੂੰ ਚਲੇ ਗਏ। ੩ਗੁਲਾਮ [ਹੁਸੈਨ] ਗੁਸੇ ਵਿਚ ਆਇਆ। ੪ਜਾਣਦਾ ਹੋਇਆ। ੫ ਛਲ-ਬਲ। ੬ਰਤਾ ਭੀ। ੭ਨਗਾਰਾ ਦੇ ਕੇ [ਵਜਾ ਕੇ] ਤੁਰ ਪਿਆ। ੮ਸ਼ੇਰ ਨੂੰ ਘੇਰ ਕੇ ਸਹਿਆ ਡਰਾਉਣਾ ਚਾਹੇ। ੯ਘੇਰਾ। ੧੦ਗੁੱਸੇ ਵਿਚ ਆਏ। ੧੧ਸੁਲਾਹ। ੧੨ਏਲਚੀ। ੧੩ਗੁਲਾਮ [ਹੁਸੈਨ]। ੧੪ਵੇਖ ਕੇ। ੧੫ ਪਠਾਣਾਂ ਦੀ ਸੈਨਾ।

ਫੂਲਿ ਗਯੋ ਤਿਨ ਕੀ ਨਹੀਂ ਮਾਨੀ ॥੧੨॥
[੧]ਦਸ ਸਹੰਸ੍ਰ ਅਬ ਹੀ ਕੈ ਦੇਹੂ ॥
ਨ ਤਰ ਮੀਚ[੨] ਮੂੰਡ[੩] ਪਰ ਲੇਹੂ ॥
[੪]ਸਿੰਘ ਸੰਗਤੀਆ ਤਹਾ ਪਠਾਏ ॥
ਗੋਪਾਲੈ ਸੁ ਧਰਮੁ ਦੇ ਲਿਆਏ ॥੧੩॥

ਤਿਨ ਕੈ ਸੰਗਿ ਨ ਉਨ ਕੀ ਬਨੀ ॥
ਤਬ ਕ੍ਰਿਪਾਲ ਚਿਤ ਮੋ ਇਹ ਗਨੀ[੫] ॥
ਐਸਿ ਘਾਤਿ[੬] ਫਿਰ ਹਾਥ ਨ ਐਹੈ ॥
ਸਬਹੁੰ[੭] ਫੇਰ ਸਮੋ ਛਲਿ ਜੈਹੈ ॥੧੪॥

ਗੋਪਾਲੈ ਸੁ ਅਬੈ [੮]ਗਹਿ ਲੀਜੈ ॥
ਕੈਦ ਕੀਜੀਐ ਕੈ [੯]ਬਧ ਕੀਜੈ ॥
[੧੦]ਤਨਕ ਭਨਕ ਜਬ ਤਿਨ ਸੁਨ ਪਾਈ ॥
ਨਿਜ ਦਲ ਜਾਤ ਭਯੋ ਭਟਰਾਈ[੧੧] ॥੧੫॥

---

੧[ਹੁਸੈਨ ਨੇ ਕਿਹਾ] ਦਸ ਹਜ਼ਾਰ ਰੁਪਿਆ ਹੁਣੇ ਦਿਉ। ੨ਮੌਤ। ੩ਸਿਰ ਉਤੇ। ੪ਸੰਗਤੀਆ ਸਿੰਘ ਨੂੰ ਗੋਪਾਲ ਰਾਜੇ ਵਲ ਭੇਜਿਆ। ੫ ਵਿਚਾਰੀ। ੬ਚਾਲ, ਮੌਕਾ। ੭ਸਮੇਂ ਦਾ ਗੇੜ ਸਭ ਨੂੰ ਛਲ ਜਾਏਗਾ। ੮ਪਕੜ ਲੋ। ੯ਮਾਰ ਦਿਓ। ੧੦ਕੁਝ ਭਿਨਕ। ੧੧ਬਹਾਦੁਰ।

ਮਧੁਭਾਰ ਛੰਦ ॥

ਜਬ ਗਯੋ ਗੁਪਾਲ ॥ ਕੁੱਪਿਯੋ ਕ੍ਰਿਪਾਲ ॥
ਹਿੰਮਤ ਹੁਸੈਨ ॥ ਜੁੰਮੈ[1] ਲੁਝੈਨ[2] ॥੧੬॥
ਕਰਿ ਕੇ ਗੁਮਾਨ ॥ ਜੁੰਮੈ ਜੁਆਨ ॥
ਬੱਜੇ ਤਬੱਲ[3] ॥ ਦੁੰਦਭਿ ਦਬੱਲ ॥੧੭॥
ਬੱਜੇ ਨਿਸਾਣ ॥ ਨੱਚੈ ਕਿਕਾਣ[4] ॥
ਬਾਹੈਂ ਤੜਾਕ ॥ ਉੱਠੈ ਕੜਾਕ ॥੧੮॥
ਬੱਜੇ ਨਿਸੰਗ ॥ ਗੱਜੇ ਨਿਹੰਗ ॥
ਛੁੱਟੈ ਕ੍ਰਿਪਾਨ ॥ [5]ਲਿੱਟੈ ਜੁਆਨ ॥੧੯॥
ਤੁੱਪਕ ਤੜਾਕ ॥ ਕੈਬਰ[6] ਕੜਾਕ ॥
ਸੈਹਥੀ ਸੜਾਕ ॥ [7]ਛੌਹੀ ਛੜਾਕ ॥੨੦॥
ਗੱਜੈ ਸੁਬੀਰ ॥ ਬੱਜੇ ਗਹੀਰ ॥
ਬਿਚਰੇ ਨਿਹੰਗ ॥ ਜੈਸੇ ਪਿਲੰਗ[8] ॥੨੧॥
[9]ਹੁੰਕੇ ਕਿਕਾਣ ॥ ਧੁੱਕੇ ਨਿਸਾਣ ॥
ਬਾਹੈ ਤੜਾਕ ॥ ਝੱਲੈ ਝੜਾਕ ॥੨੨॥

---

੧ਤੁਰ ਪਿਆ । ੨ਲੜਨ ਨੂੰ । ੩ਧੌਂਸਾ । ੪ਘੋੜੇ । ੫ ਲੇਟ ਰਹੇ ।
੬ਤੀਰ । ੭ਛਹਵੀ । ੮ਚਿਤ੍ਰਾ । ੯ਘੜੇ ਹਿਣਕੇ ।

ਜੁੱਝੇ ਨਿਹੰਗ ॥ [1]ਲਿੱਟੇ ਮਲੰਗ ॥
ਖੁਲ੍ਹੇ ਕਿਸਾਰ[2] ॥ ਜਨੁ ਜਟਾ ਧਾਰ ॥੨੩॥
ਸਜ ਗਜਿੰਦ੍ਰ[3] ॥ ਗਾਜੇ ਗਜਿੰਦ੍ਰ ॥
ਉੱਤਰੇ ਖਾਨ ॥ ਲੈ ਲੈ ਕਮਾਨ ॥੨੪॥

ਤ੍ਰਿਭੰਗੀ ਛੰਦ ॥

ਕੁਪਿਯੋ ਕ੍ਰਿਪਾਲੰ ਸੱਜਿ ਮਰਾਲੰ
ਬਾਹ ਬਿਸਾਲੰ ਧਰਿ ਢਾਲੰ ॥
ਧਾਏ ਸਭ ਸੂਰੰ ਰੂਪ ਕਰੂਰੰ
ਚਮਕਤ ਨੂਰੰ ਮੁਖ ਲਾਲੰ ॥
ਲੈ ਲੈ ਸੁ ਕ੍ਰਿਪਾਨੰ ਬਾਨ ਕਮਾਣੰ
ਸਜੇ ਜੁਆਨੰ [5]ਤਨ ਤੱਤੰ ॥
ਰਣਿ ਰੰਗ ਕਲੋਲੰ ਮਾਰਹੀ ਬੋਲੰ
[6]ਜਨੁ ਗਜ ਡੋਲੰ ਬਨ ਮੱਤੰ ॥੨੫॥

ਭੁਜੰਗ ਛੰਦ ॥

ਤਬੈ ਕੋਪੀਯੰ ਕਾਂਗੜੇਸੰ ਕਟੋਚੰ ॥

---

੧ਮਲੰਗ ਲੇਟੇ ਹੋਏ। ੨ਕੇਸ, ਵਾਲ। ੩ਹਾਥੀ। ੪ਘੋੜਾ। ੫ ਤਨ ਦੇ ਤਤੇ, ਜਸ਼ੀਲੇ। ੬ਸਮਝੋ ਮਸਤੇ ਹੋਏ ਹਾਥੀ ਜੰਗਲ ਵਿਚ ਫਿਰਦੇ ਹਨ।

ਮੁਖੰ ਰਕਤ ਨੈਨੰ ਤਜੇ ਸਰਬ ਸੋਚੰ ॥
ਉਤੇ[੧] ਉੱਠੀਯੰ ਖਾਨ ਖੇਤੰ ਖਤੰਗੰ ॥
ਮਨੋ ਬਿਹਚਹੇ ਮਾਸ ਹੋਤੰ ਪਿਲੰਗੰ ॥੨੬॥

ਬਜੀ ਭੇਰ ਭੁੰਕਾਰ ਤੀਰੰ ਤੜੱਕੇ ॥
[੨]ਮਿਲੇ ਹੱਥਿ ਬੱਥੰ ਕ੍ਰਿਪਾਣੰ ਕੜੱਕੇ ॥
[੩]ਬਜੇ ਜੰਗ ਨੀਸਾਣ ਕੱਥੇ ਕਥੀਰੰ ॥
ਫਿਰੈ ਰੁੰਡ ਮੁੰਡੰ ਤਨੰ ਤੱਛ ਤੀਰੰ ॥੨੭॥

[੩]ਉਠੈ ਟੋਪ ਟੂਕੰ ਗੁਰਜੈ ਪ੍ਰਹਾਰੈ ॥
ਰੁਲੇ ਲੁੱਥ[੫] ਜੁਥੰ[੬] ਗਿਰੇ ਬੀਰ ਮਾਰੇ ॥
ਪਰ ਕੱਤੀਯੰ ਘਾਤ[੭] ਨਿਰਘਾਤ[੮] ਬੀਰੰ ॥
ਫਿਰੈ ਰੁੰਡ ਮੁੰਡੰ ਤਨੰ ਤੱਛ ਤੀਰੰ ॥੨੮॥

ਬਹੀ ਬਾਹੁ ਆਘਾਤ ਨਿਰਘਾਤ ਬਾਣੰ ॥
ਉਠੇ ਨੱਦ ਨਾਦੰ ਕੜੱਕੇ ਕ੍ਰਿਪਾਣੰ ॥

---

੧ਓਧਰੋਂ ਖਾਨ ਸੂਰਮੇਂ ਯੁੱਧ ਵਿਚ ਤੀਰ ਕਮਾਨ ਲੈ ਕੇ ਖੜੇ ਹਨ। ੨ਬਖੀਆਂ ਵਿਚ ਹੱਥ ਪਾਏ ਹਨ। ੩(ਕਿਤੇ) ਰਣ ਮਾਰੂ ਨਾਦ ਵਜੇ, (ਕਿਤੇ) ਢਾਡੀ ਲੋਕ ਵਾਰਾਂ ਗਾਉਂਦੇ ਹਨ। ੪ਟੋਪਾਂ ਉਤੇ ਗੁਰਜਾਂ ਦੀ ਮਾਰ ਨਾਲ ਟੱਕ ਟੱਕ ਟੱਕ ਦੀ ਅਵਾਜ਼ ਉਠਦੀ ਹੈ। ੫ਲੋਥਾਂ। ੬ਜੁਥੰ = ਝੁੰਡ। ੭ਜ਼ਖਮ। ੮ਨਿਰ+ਘਾਤ = ਫੱਟ ਨਾ ਪੈਣ ਵਾਲਾ ਜੁੱਸਾ, ਪੀਡਾ ਜੁੱਸਾ।

 www.sikhbookclub.com

ਛਕੇ[੧] ਛੋਭ ਛਤ੍ਰੀ ਤਜੈ ਬਾਣ ਰਾਜੀ ॥
[੨]ਬਹੇ ਜਾਹਿ ਖਾਲੀ[੩] ਫਿਰੈ ਛੂਛ ਤਾਜੀ ॥੨੯॥
ਜੁਟੇ ਆਪ ਮੈ ਬੀਰ ਬੀਰੰ ਜੁਝਾਰੇ ॥
ਮਨੋ ਗੱਜ ਜੁੱਟੈ [੪]ਦੰਤਾਰੇ ਦੰਤਾਰੇ ॥
ਕਿਧੋ ਸਿੰਘ[੫] ਸੇ ਸਾਰਦੂਲੰ[੬] ਅਰੁੱਝੇ ॥
ਤਿਸੀ ਭਾਂਤਿ ਕਿਰਪਾਲ ਗੋਪਾਲ ਜੁੱਝੇ ॥੩੦॥
ਹਰੀ ਸਿੰਘ ਧਾਯੋ ਤਹਾਂ ਏਕ ਬੀਰੰ ॥
ਸਹੇ ਦੇਹ ਆਪੰ ਭਲੀ ਭਾਂਤਿ ਤੀਰੰ ॥
ਮਹਾਂ ਕੋਪ ਕੈ ਬੀਰ ਬ੍ਰਿੰਦੰ ਸੰਘਾਰੇ ॥
ਬਡੋ ਜੁਧ ਕੈ ਦੇਵ ਲੋਕੰ ਪਧਾਰੇ ॥੩੧॥
ਹਠਿਯੋ[੭] ਹਿੰਮਤੰ ਕਿੰਮਤੰ ਲੈ ਕ੍ਰਿਪਾਨੰ ॥
ਲਏ ਗੁਰਜ ਚੱਲੰ ਸੁ ਜਲਾਲ ਖਾਨੰ ॥
ਹਠੇ ਸੂਰਮਾ ਮੱਤ ਜੋਧਾ ਜੁਝਾਰੰ ॥
[੮]ਪਰੀ ਕੁੱਟ ਕੁੱਟੰ ਉਠੀ ਸਸਤ੍ਰ[੯] ਝਾਰੰ ॥੩੨॥

---

੧ਬਹਾਦਰ ਗੁੱਸੇ ਵਿਚ ਆ ਕੇ ਤੀਰਾਂ ਦੀ ਕਤਾਰ ਬੰਨ੍ਹ ਦੇਂਦੇ ਹਨ। ੨(ਕੋਈ ਤੀਰ ਚਲੇ ਹੋਏ ਖਾਲੀ ਜਾਂਦੇ ਹਨ। ੩(ਸਵਾਰਾਂ ਦੇ ਮਰ ਜਾਣ ਕਰਕੇ) ਘੋੜੇ ਖਾਲੀ ਤੁਰੇ ਫਿਰਦੇ ਹਨ। ੪ ਵੱਡੇ ਦੰਦਾਂ ਵਾਲੇ ਹਾਥੀ। ੫ ਸ਼ੇਰ। ੬ਸ਼ੇਰ। ੭ਹੱਠੀ। ੮ਕੁਟ ਤੇ ਕੁਟ ਪਈ। ੯ਅੱਗ ਦੇ ਚਿੰਗਾਰੇ।

 www.sikhbookclub.com

ਰਸਾਵਲ ਛੰਦ ॥

ਸੰਵਾਲ ਧਾਏ ॥ ਤੁਰੰਗੰ ਨਚਾਏ ॥
ਯੋ ਘੇਰ ਹੁਸੈਨੀ ॥ ਹਨਿਯੋ ਸਾਂਗ ਪੈਨੀ[1] ॥੩੩॥
ਤਨੂ ਬਾਣ ਬਾਹੇ ॥ ਬਡੇ ਸੈਨ ਗਾਹੇ ॥
ਜਸੈ ਅੰਗਿ ਲਾਗਿਯੋ ॥ ਤਿਸੈ ਪ੍ਰਾਣ ਤਯਾਗਯੋ ॥੩੪॥
ਬੈ ਘਾਵ ਲਾਗਯੋ ॥ ਤਬੈ ਕੋਪ ਜਾਗਯੋ ॥
ਭਾਰੀ ਕਮਾਣੰ ॥ ਹਣੇ ਬੀਰ ਬਾਣੰ ॥੩੫॥
ਹੂੰ ਓਰ ਢੂਕੇ ॥ ਮੁਖੰ ਮਾਰ ਕੂਕੇ ॥
ਨ੍ਰਭੈ ਸਸਤ੍ਰ ਬਾਹੈਂ ॥ ਦੋਊ ਜੀਤ ਚਾਹੈਂ ॥੩੬॥
ਰਸੇ ਖਾਨ ਜਾਦੇ ॥ [2]ਮਹਾ ਮੱਦ ਮਾਦੇ ॥
ਹਾ ਬਾਣ ਬਰਖੇ ॥ ਸਭੈ ਸੂਰ ਹਰਖੇ ॥੩੭॥
ਰੈ ਬਾਣ ਅਰਚਾ[3] ॥ [4]ਧਨੁਰ ਬੇਦ ਚਰਚਾ ॥
ਸਾਂਗੰ ਸਮ੍ਹਾਲੰ ॥ ਕਰੈ [5]ਤਉਨ ਠਾਮੰ ॥੩੮॥
ਲੀ ਬੀਰ ਰੁੱਝੇ ॥ ਸਮੂਹ ਸਸਤ੍ਰ ਜੁੱਝੇ ॥
ਨਗੈ ਧੀਰ ਧੱਕੇ ॥ ਕ੍ਰਿਪਾਣੰ ਝਨੱਕੇ[6] ॥੩੯॥

---

੧ਤੇਜ਼ ਧਾਰ ਵਾਲੀ । ੨ਬੜੇ ਅਹੰਕਾਰ ਵਿਚ ਮਸਤੇ ਹੋਏ ।
੩ਛਿੜਕਾਉ । ੪ਮਾਨੋ ਧਨੁਰ ਵੇਦ ਚਰਚਾ ਹੋ ਰਹੀ ਹੈ । ੫ਉਸ ਜਗ੍ਹਾ ।
੬ਛਣਕਦੀਆਂ ਹਨ ।

ਕੜਕੈ ਕਮਾਣੰ ॥ ਝਣੱਕੈ ਕ੍ਰਿਪਾਣੰ ॥
ਕੜੰਕਾਰ ਛੁੱਟੈ ॥ ਝਣੰਕਾਰ ਉਠੈ ॥੪੦॥
ਹਠੀ ਸਸਤ੍ਰ ਝਾਰੈ ॥ ਨ ਸੰਕਾ ਬਿਚਾਰੈ ॥
ਕਰੈ ਤੀਰ ਮਾਰੰ ॥ ਫਿਰੈ ਲੋਹ ਧਾਰੰ ॥੪੧॥
ਨਦੀ ਸ੍ਰੋਣ ਪੂਰੰ ॥ ਫਿਰੈ ਗੈਣ ਹੂਰੰ ॥
ਉਭੇ[1] ਖੇਤ ਪਾਲੰ ॥ ਬਕੈ[2] ਬਿੱਕਰਾਲੰ ॥੪੨॥

ਪਾਧੜੀ ਛੰਦ ॥

ਤਹ [3]ਹੜ ਹੜਾਇ ਹੱਸੇ ਮਸਾਣ ॥
ਲਿੱਟੇ ਗਜਿੰਦ੍ਰ ਛੁੱਟੇ ਕਿਕਾਣ ॥
ਜੁੱਟੇ ਸੁ ਬੀਰ ਤਹ ਕੜਕ ਜੰਗ ॥
ਛੁੱਟੀ ਕ੍ਰਿਪਾਣ [4]ਬੁੱਠੇ ਖਤੰਗ ॥੪੩॥
ਡਾਕਨਿ ਡਹੱਕਿ[5] [6]ਚਾਵਡਿ ਚਿਕਾਰ ॥
ਕਾਕੰ [7]ਕਹੱਕਿ ਬੱਜੇ ਦੁਧਾਰ ॥
[8]ਖੋਲੰ ਖੜੱਕਿ ਤੁਪਕਿ ਤੜਾਕਿ ॥

---

੧ਦੋਨੋਂ ਪਾਸੇ ਦੇ ਲੜਨ ਵਾਲੇ । ੨ਡਰੌਣੇ ਸ਼ਬਦ ਬੋਲਦੇ ਹਨ ।
੩ਖਿੜ ਖਿੜ ਮਸਾਨ ਹਸਦੇ ਹਨ । ੪ਤੀਰ ਵਰਸੇ । ੫ ਬਲ ਰਹੀਆਂ ਹਨ ।
੬ਚੁੜੇਲਾਂ ਚੀਕਦੀਆਂ ਹਨ । ੭ਕਾਵਾਂ ਦੀ ਕੁਰਲਾਹਟ ।
੮ਖੋਲਾਂ ਦੇ ਖੜਾਕੇ ਤੇ ਬੰਦੂਕਾਂ ਦੇ ਤੜਾਕੇ ।

ਸੈਥੰ ਸੜੱਕ ਧੱਕੰ ਧਹਾਕਿ ॥੪੪॥

ਭੁਜੰਗ ਛੰਦ ॥

ਤਹਾ ਆਪ ਕੀਨੋ ਹੁਸੈਨੀ ਉਤਾਰੰ ॥
ਸਭੂ ਹਾਥ ਬਾਣੰ ਕਮਾਣੰ ਸੰਭਾਰੰ ॥
ਰੁਪੇ[੧] ਖਾਨਿ ਖੂਨੀ ਕਰੈ ਲਾਗ ਜੁੱਧੰ ॥
ਮੁਖੰ ਰਕਤ ਨੈਣੰ ਭਰੇ ਸੂਰ ਕ੍ਰੁੱਧੰ ॥੪੫॥
[੨]ਜਗਿਯੋ ਜੰਗ ਜਾਲਮ ਸੁ ਜੋਧੰ ਜੁਝਾਰੰ॥
ਬਹੇ ਬਾਣ ਬਾਂਕੇ ਬਰਛੀ ਦੁਧਾਰੰ ॥
ਮਿਲੈ ਬੀਰ ਬੀਰੰ ਮਹਾਂ ਧੀਰ ਬੰਕੇ ॥
ਧਕਾ ਧਕਿ ਸੈਥੰ ਕ੍ਰਿਪਾਨੰ ਝਨੰਕੇ ॥੪੬॥
ਭਏ ਢੋਲ ਢੰਕਾਰ ਨਾਦੰ ਨਫੀਰੰ ॥
ਉਠੈ ਬਾਹੁ ਆਘਾਤ ਗੱਜੈ ਸੁਬੀਰੰ ॥
ਨਵੰ ਨਦ ਨੀਸਾਨ ਬੱਜੇ ਅਪਾਰੰ ॥
ਰੁਲੇ ਤੱਛ ਮੁਛੰ ਉਠੀ ਸਸਤ੍ਰ ਝਾਰੰ ॥੪੭॥
ਟਕਾ ਟੁੱਕ ਟੋਪੰ ਢਕਾ ਢੁੱਕ ਢਾਲੰ ॥
ਮਹਾਂ ਬੀਰ ਬਾਨੈਤ ਬੰਕੇ ਬਿਕ੍ਰਾਲੰ ॥

---

੧ਪੈਰ ਗੱਡ ਕੇ । ੨ਲਲਕਾਰੇ ਜੋਧਿਆਂ ਨੂੰ ਜ਼ਾਲਿਮ ਜੰਗ ਜਾਗਿਆ ।

ਨਚੇ ਬੀਰ ਬੈਤਾਲਯੰ ਭੂਤ ਪ੍ਰੇਤੰ ॥
ਨਚੀ ਡਾਕਿਣੀ ਜੋਗਣੀ ਉਰਧ ਹੇਤੰ ॥੪੮॥
ਛੁਟੀ ਜੋਗ ਤਾਰੀ ਮਹਾਂ ਰੁਦ੍ਰ ਜਾਗੇ ॥
[1]ਡਗਿਯੋ ਧਿਆਨ ਬ੍ਰਹਮੰ ਸਭੈ ਸਿੱਧ ਭਾਗੇ ॥
ਹਸੇ ਕਿੰਨਰੰ ਜੱਛ ਬਿੱਦਿਆ ਧਰੇਯੰ ॥
ਨਚੀ ਅੱਛਰਾ ਪੱਛਰਾ ਚਾਰਣੇਯੰ ॥੪੯॥
ਪਰਿਓ ਘੋਰ ਜੁੱਧੰ ਸੁ ਸੈਨਾ ਪਰਾਨੀ[2] ॥
ਤਹਾਂ ਖਾਂ ਹੁਸੈਨੀ ਮੰਡਿਯੋ[3] ਬੀਰ ਬਾਨੀ[4] ॥
ਉਤੈ ਬੀਰ ਧਾਏ ਸੁ ਬੀਰੰ [5]ਜਸ੍ਵਾਰੰ ॥
[6]ਸਬੈ ਬਿਉਤ[7] ਡਾਰੇ [8]ਬਗਾਸੇ ਅਸ੍ਵਾਰੰ ॥੫੦॥
ਤਹਾਂ ਖਾਂ ਹੁਸੈਨੀ ਰਹਿਓ ਏਕ ਠਾਢੰ ॥
ਮਨੋ ਜੁੱਧ ਖੰਭੰ ਰਣੰ ਭੂਮ ਗਾਡੰ ॥
ਜਿਸੈ ਕੋਪ ਕੈ ਕੈ ਹਠੀ ਬਾਣ ਮਾਰਿਓ ॥
[9]ਤਿਸੈ ਛੇਦ ਕੈ ਪੈਲ ਪਾਰੇ ਪਧਾਰਿਓ ॥੫੧॥

---

੧ਡੋਲ ਗਿਆ ਉਟਕ ਗਿਆ । ੨ਨਸ ਉਠੀ । ੩(ਯੁੱਧ) ਮੰਡਿਆਂ, ਰਚਿਆ । ੪ਮੋਢੀ । ੫ ਜਸਵਾਲ ਰਿਆਸਤ ਦੇ ਬੀਰਾਂ ਨੇ । ੬[ਦਰਜੀ ਦੇ] ਕਪੜੇ ਵੇਤਰਨੇ [ਕਟਨੇ] ਵਾਂਗ ਉਹ ਸਵਾਰਾਂ ਨੂੰ ਕੱਟਦੇ ਹਨ । ੭ਵੇਤਰਨਾ, ਕਟਨਾ । ੮ਕਪੜੇ । ੯ਤਿਸ ਨੂੰ ਵਿੰਨ ਕੇ ਪਰਲੇ ਪਾਰ ਚਲੇ ਜਾਂਦੇ ਹਨ ।

ਸਹੇ ਬਾਨ ਸੂਰੰ ਸਭੈ ਆਨ ਢੂਕੈ ॥
ਚਹੂੰ ਓਰ ਤੇ ਮਾਰ ਹੀ ਮਾਰ ਕੂਕੈ ॥
ਭਲੀ ਭਾਂਤਿ ਸੌ ਅਸਤ੍ਰ ਅਉ ਅਸਤ੍ਰ ਝਾਰੇ॥
ਗਿਰੇ ਭਿਸਤ ਕੋ ਖਾਂ ਹੁਸੈਨੀ ਸਿਧਾਰੇ ॥

ਦੋਹਰਾ ॥

ਜਬੈ ਹੁਸੈਨੀ [1]ਜੂਝਿਓ
ਭਯੋ ਸੂਰ ਮਨ ਰੋਸੁ ॥
ਭਾਜਿ ਚਲੇ ਅਵਰੈ ਸਭੈ
ਉਠਿਓ ਕਟੋਚਨ ਜੋਸੁ ॥੫੩॥

ਚੌਪਈ ॥

ਕੋਪਿ ਕਟੋਚਿ ਸਬੈ ਮਿਲਿ ਧਾਏ ॥
ਹਿੰਮਤਿ ਕਿੰਮਤਿ ਸਹਿਤ ਰਿਸਾਏ[2] ॥
ਹਰੀ ਸਿੰਘ ਤਬ ਕੀਯਾ[3] ਉਠਾਨਾ ॥
ਚੁਨਿ ਚੁਨਿ ਹਨੇ[4] ਪਖਰੀਯਾ ਜੁਆਨਾ॥

ਨਰਾਜ ਛੰਦ ॥

ਤਬੈ ਕਟੋਚ ਕੋਪੀਅੰ ॥

---

੧ਮਰ ਗਿਆ । ੨ਗੁੱਸੇ ਵਿਚ ਆਇ । ੩ਹੱਲਾ ਕੀਤਾ ।
੪ਘੋੜ-ਚੜ੍ਹੇ ਜੁਆਨ ਨੂੰ ।

 www.sikhbookclub.com

ਸੰਭਾਰ ਪਾਵ ਰੋਪੀਅੰ ॥
ਸਰੱਕ ਸਸਤ੍ਰ ਝਾਰਹੀ ॥
ਸੁ ਮਾਰਿ ਮਾਰਿ ਉਚਾਰਹੀ ॥੫੫॥
ਚੰਦੇਲ ਚੌਪੀਯੰ ਤਬੈ ॥
ਰਿਸਾਤ ਧਾਤ[1] ਭੇ ਸਬੈ ॥
ਜਿਤੇ ਗਏ ਸੁ ਮਾਰੀਯੰ ॥
[2]ਬਚੇ ਤਿਤੇ ਸਿਧਾਰੀਯੰ ॥੫੬॥

ਦੋਹਰਾ ॥

ਸਾਤ ਸਵਾਰਨ ਕੇ ਸਹਿਤ
ਜੁਝੇ ਸੰਗਤ ਰਾਇ ॥
[3]ਦਰਸੋ ਸੁਨਿ ਜੂਝੈ[4] ਤਿਨੈ
ਬਹੁਤ ਜੁਝਤ ਭਯੋ ਆਇ ॥੫੭॥
ਹਿੰਮਤ ਹੂੰ ਉਤਰਿਯੋ ਤਹਾ
ਬੀਰ ਖੇਤ ਮੰਝਾਰ ॥
ਕੇਤਨ ਕੇ ਤਨਿ ਘਾਇ ਸਹਿ

---

੧ਭੱਜ ਪਏ। ੨ਜੋ 'ਸਿਧਾਰੀਯੰ' ਨਸ ਗਏ ਉਹ ਬਚ ਗਏ। ੩ਦਰਸੋ ਨੇ ਸੰਗਤੀਆਂ ਦਾ ਮਰਨਾ ਸੁਣਿਆ, ਆ ਕੇ ਬਹੁਤ ਲੜਿਆ ਤੇ ਸ਼ਹੀਦ ਹੋ ਗਿਆ। ੪ਮਰਨਾ। ੫ ਘਾਵਾਂ ਨੂੰ ਸਹਾਰਿਆਂ।

ਕੇਤਨਿ ਕੈ [1]ਤਨਿ ਝਾਰ ॥੫੮॥
[2]ਬਾਜ ਤਹਾਂ ਜੂਝਤ ਭਯੋ
ਹਿੰਮਤ ਗਯੋ[3] ਪਰਾਇ ॥
ਲੋਥ ਕ੍ਰਿਪਾਲਹਿ ਕੀ ਨਮਿਤ
ਕੋਪਿ ਪਰੇ ਅਰ ਰਾਇ ॥੫੯॥

ਰਸਾਵਲ ਛੰਦ ॥

ਤਲੀ ਬੈਰ ਰੁੱਝੇ ॥ ਸਮੂਹਿ ਸਾਰ ਜੁੱਝੇ ॥
ਕ੍ਰਿਪਾ ਰਾਮ ਗਾਜੀ॥ ਲਰਿਓ ਸੈਨ ਭਾਜੀ ॥੬੦॥
ਜਹਾਂ ਸੈਨ ਗਾਹੈਂ ॥ ਨ੍ਰਿਭੈ ਸਸਤ੍ਰ ਬਾਹੈਂ ॥
[4]ਘਨਿਯੋ ਕਾਲ ਕੈ ਕੈ ॥ ਚਲੈ ਜੱਸ ਲੈ ਕੈ ॥੬੧॥
ਤਜੇ ਸੰਖ ਨਾਦੰ ॥ [5]ਸੁਰੰ ਨਿਰ ਬਿਖਾਦੰ ॥
ਤਜੇ ਡੌਰ ਡੱਢੰ ॥ ਹੇਠ ਸਸਤ੍ਰ ਕੱਢੰ ॥੬੨॥
ਪਰੀ ਭੀਰ ਭਾਰੀ ॥ ਜੂਝੈ ਛਤ੍ਰ ਧਾਰੀ ॥
ਮੁਖੰ ਮੁੱਛ ਬੰਕੰ ॥ ਮੰਡੰ ਬੀਰ ਹੰਕੰ ॥੬੩॥
ਮੁਖੰ ਮਾਰਿ ਬੋਲੈਂ ॥ ਰਣੰ ਭੂਮਿ ਡੋਲੈਂ ॥
ਹਥਿਆਰੰ ਸੰਭਾਰੈਂ ॥ ਉਭੈ ਬਾਜ ਡਾਰੈਂ ॥੬੪॥

---

੧ਤਨਾਂ ਪਰ ਸ਼ਸ਼ਤ੍ਰ ਝਾੜੇ । ੨ਘੋੜਾ । ੩ਨੱਸ ਗਿਆ । ੪ਬਹੁਤਿਆਂ ਨੂੰ ਨਾਸ਼ ਕਰਕੇ । ੫ ਇਕ ਰਸ ਸੁਰ ।

 www.sikhbookclub.com

ਦੋਹਰਾ ॥

ਰਣ ਜੁਝਤ ਕਿਰਪਾਲ ਕੇ
ਨਾਚਤ ਭਯੋ ਗੁਪਾਲ ॥
[1]ਸੈਨ ਸਭੈ ਸਿਰਦਾਰ ਦੈ
ਭਾਜਤ ਭਈ ਬਿਹਾਲ ॥੬੫॥
ਖਾਨ ਹੁਸੈਨ ਕ੍ਰਿਪਾਲ ਕੇ
ਹਿੰਮਤ ਰਣ ਜੂਝੰਤ ॥
ਭਾਜਿ ਚਲੇ ਜੋਧਾ ਸਬੈ
[2]ਜਿਮ ਦੇ ਮੁਕਟ ਮਹੰਤ ॥੬੬॥

ਚੌਪਈ ॥

ਇਹ ਬਿਧ ਸਤ੍ਰੁ ਸਬੈ ਚੁਨਿ ਮਾਰੇ ॥
ਗਿਰੇ ਆਪਨੇ ਸੂਰ ਸੰਭਾਰੇ ॥
ਤਹ ਘਾਇਲ ਹਿੰਮਤ ਕਹ ਲਹਾ[3] ॥
ਰਾਮ ਸਿੰਘ ਗੋਪਾਲ ਸਿਉਂ ਕਹਾ ॥੬੭॥
ਜਿਨ ਹਿੰਮਤ ਅਸ [4]ਕਲਹ ਬਢਾਯੋ ॥

---

੧ਸਾਰੀ ਸੈਨਾ ਆਪਣੇ ਸਰਦਾਰਾਂ ਦੀ ਬਲੀ ਦੇ ਕੇ ਬੁਰੇ ਹਾਲ ਨੱਸ ਪਈ। ੨ਜਿਵੇਂ ਮਹੰਤ ਮਹੰਤੀ ਦੀ ਪਗ ਦੇ ਕੇ ਤੁਰ ਜਾਂਦੇ ਹਨ। ੩ਦੇਖਿਆਂ। ੪ਝਗੜਾ।

 www.sikhbookclub.com

ਘਾਇਲ ਆਜ ਹਾਥ ਵਹ ਆਯੋ ॥
ਜਬ ਗੁਪਾਲ ਐਸੇ ਸੁਨਿ ਪਾਵਾ ॥
ਮਾਰਿ ਦੀਓ [੧]ਜੀਅਤ ਨ ਉਠਾਵਾ ॥੬੮॥
ਜੀਤ ਭਈ ਰਨ ਭਯੋ ਉਝਾਰਾ ॥
ਸਿਮ੍ਰਿਤਿ ਕਰਿ ਸਭ ਘਰੋ ਸਿਧਾਰਾ ॥
ਰਾਖਿ ਲੀਯੋ ਹਮ ਕੋ ਜਗਰਾਈ ॥
[੨]ਲੋਹ ਘਟਾ ਅਨਤੈ ਬਰਸਾਈ ॥੬੯॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ ਹੁਸੈਨੀ ਬਧਹ ਕ੍ਰਿਪਾਲ
ਹਿੰਮਤ ਸੰਗਤੀਆਂ ਬਧ ਬਰਨਨੰ ਨਾਮ ਗਿਆਰਮੋ
ਧਿਆਇ ਸਮਾਪਤਮਸਤੁ ਸੁਭਮਸਤੁ ॥ ੧੧ ॥
ਅਫਜੂੰ ॥ ੪੨੩ ॥

ਚੌਪਈ ॥

ਜੁੱਧ ਭਯੋ ਇਹ ਭਾਂਤਿ ਅਪਾਰਾ ॥
ਤੁਰਕਨ ਕੋ ਮਾਰਿਓ ਸਿਰਦਾਰਾ ॥
[੩]ਰਿਸ ਤਨ[੪] ਖਾਨ ਦਿਲਾਵਰ ਤਏ ॥

---

੧ਜੀਊਂਦਿਆਂ ਨਾ ਉੱਠਣ ਦਿੱਤਾ। ੨ਸ਼ਸਤ੍ਰਾਂ ਦੀ ਘਟਾ ਹੋਰ ਥਾਂ ਤੇ ਬਰਸ ਗਈ। ਭਾਵ ਹੁਸੈਨੀ ਤਾਂ ਸਾਡੇ ਪੁਰ ਚੜ੍ਹਾਈ ਕਰਕੇ ਆਇਆ ਸੀ, ਪਰ ਹੋਰਨਾਂ ਨਾਲ ਹੀ ਲੜ ਕੇ ਮਰ ਗਿਆ। ੩ਦਿਲਾਵਰ ਖਾਂ ਗੁੱਸੇ ਨਾਲ 'ਤਏ' ਤਪ ਗਿਆ। ੪ਨਾਲ।


www.sikhbookclub.com

[1]ਇਤੈ ਸਊਰ ਪਠਾਵਤ ਭਏ ॥ ੧ ॥
ਉਤੇ ਪਠਿਓ ਉਨ ਸਿੰਘ ਜੁਝਾਰਾ ॥
[2]ਤਿੱਹ ਭਲਾਨ ਤੇ ਖੇਦ ਨਿਕਾਰਾ ॥
ਇਤਿ ਗਜ ਸਿੰਘ ਪੰਮਾ ਦਲ ਜੋਰਾ ॥
ਧਾਇ ਪਰੇ ਤਿਨ ਊਪਰ ਭੋਰਾ[3] ॥ ੨ ॥
ਉਤੈ ਜੁਝਾਰ ਸਿੰਘ ਭਯੋ ਆਡਾ[4] ॥
ਜਿਮ ਰਮ ਖੰਭ ਭੂਮਿ ਰਨਿ ਗਾਡਾ ॥
[5]ਗਾਡਾ ਚਲੇ ਨ ਹਾਡਾ ਚਲਿ ਹੈ ॥
ਸਾਮੁਹਿ ਸੇਲ ਸਮਰ ਮੋ ਝਲਿ ਹੈ ॥ ੩ ॥
ਬਾਟ[6] ਚੜ੍ਹੈ ਦਲ ਦੋਊ ਜੁਝਾਰਾ ॥
ਉਤੈ ਚੰਦੇਲ ਇਤੈ ਜਸਵਾਰਾ ॥
ਮੰਡਿਓ ਬੀਰ ਖੇਤ ਮੋ ਜੁੱਧਾ ॥
ਉਪਜਿਉ ਸਮਰਸੂਰ ਮਨ ਕ੍ਰੁੱਧਾ ॥ ੪ ॥
ਕੋਪ ਭਰੇ ਦੋਊ ਦਿਸ ਭਟ ਭਾਰੇ ॥

---

੧ਇਧਰ । ੨ਭਲਾਨ ਦੇ ਸਥਾਨ ਤੋਂ [ਸੈਨਾ ਨੂੰ] ਖੁਦੇੜ ਕੇ, ਕੱਢ ਦਿੱਤਾ । ੩ਸਵੇਰੇ ਹੀ । ੪ਅੜ ਗਿਆ, ਖੜਾ ਹੋ ਗਿਆ । ੫ ਗਡਿਆ ਖੰਭਾ ਭਾਵੇਂ ਹਿੱਲ ਜਾਏ, ਪਰ 'ਹਾਡਾ' ਜਾਤੀ ਦਾ ਰਾਜਪੂਤ ਯੁੱਧ ਵਿਚੋਂ ਨਹੀਂ ਹਿੱਲਦਾ । ੬ਵੰਡ ਕੇ ।

ਇਤੈ ਚੰਦੇਲ ਉਤੈ ਜਸਵਾਰੇ ॥
ਢੋਬ ਨਗਾਰੇ ਬਜੇ ਅਪਾਰਾ ॥
ਭੀਮ ਰੂਪ ਭੈਰੋ ਭਭਕਾਰਾ ॥ ੫ ॥

ਰਸਾਵਲ ਛੰਦ ॥

ਧੁਣੰ ਢੋਲ ਬੱਜੇ ॥ ਮਹਾਂ ਸੂਰ ਗੱਜੇ ॥
ਕਰੇ ਸਸਤ੍ਰ ਘਾਵੰ ॥ ਚੜ੍ਹੇ ਚਿੱਤ ਚਾਵੰ ॥ ੬ ॥
ਨ੍ਰਿਭੈ ਬਾਜ ਡਾਰੈ ॥ [1]ਪਰੱਘੈ ਪ੍ਰਹਾਰੈ ॥
ਕਰੇ ਤੇਗ ਘਾਯੰ ॥ ਚੜ੍ਹੇ ਚਿਤ ਚਾਯੰ ॥ ੭ ॥
ਬਕੈ ਮਾਰ ਮਾਰੰ ॥ ਨ ਸੰਕਾ ਬਿਚਾਰੰ ॥
ਰੁਲੈ ਤੱਛ ਮੁਛੰ ॥ ਕਰੈ ਸੁਰਗ ਇੱਛੰ ॥ ੮ ॥

ਦੋਹਰਾ ॥

ਨੈਕ ਨ ਰਨ ਤੇ ਮੁਰਿ ਚਲੈਂ
ਕਰੈ ਨਿਡਰ ਹ੍ਵੈ ਘਾਇ ॥
ਗਿਰ ਗਿਰ ਪਰੈ [2]ਪਵੰਗ ਤੇ
[3]ਬਰੇਂ ਬਰੰਗਣ ਜਾਇ ॥ ੯ ॥

---

੧ਕੁਹਾੜਾ। ੨ਘੋੜਿਆਂ ਤੋਂ। ੩ਅਪਛਰਾਂ ਨੂੰ ਵਿਆਹੁੰਦੇ ਹਨ।

ਚੌਪਈ ॥

ਇਹ ਬਿਧਿ ਹੋਤ ਭਯੋ ਸੰਗ੍ਰਾਮਾ ॥
ਜੂਝੈ ਚੰਦ ਨਰਾਇਨ ਨਾਮਾ ॥
ਤਬ ਜੁਝਾਰ ਏਕਲ ਹੀ ਧਯੋ ॥
ਬੀਰਨ ਘੇਰ ਦਸੋ ਦਿਸ ਲਯੋ ॥੧੦॥

ਦੋਹਰਾ ॥

ਪਸਿਯੋ ਕਟਕ ਮੈ ਝਟਕ ਦੈ
ਕਛੂ ਨ ਸੰਕ ਬਿਚਾਰ ॥
ਗਾਹਤ ਭਯੋ ਸੁਭਟਨ ਬਡੇ
ਬਾਹਿਤ ਭਯੋ ਹਥਿਆਰ ॥੧੧॥

ਚੌਪਈ ॥

ਇਹ ਬਿਧਿ ਘਣੇ ਘਰਨ ਕੋ ਗਾਰਾ ॥
ਭਾਂਤਿ ਭਾਂਤਿ ਕੇ ਕਰਿ ਹਥਿਆਰਾ ॥
ਚੁਨਿ ਚੁਨਿ ਬੀਰ ਪਖਰੀਆ ਮਾਰੇ ॥
ਅੰਤਿ ਦੇਵ ਪੁਰ ਆਪ ਪਧਾਰੇ ॥੧੨॥

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ ਜੁਝਾਰ ਸਿੰਘ ਜੁਧ ਬਰਨਨੰ
ਨਾਮ ਦ੍ਵਾਦਸਮੋ ਧਿਆਇ ਸਮਾਪਤਮਸਤੁ ਸੁਭਮਸਤੁ
॥ ੧੨ ॥ ਅਫਜੂੰ ॥ ੪੩੫ ॥

 www.sikhbookclub.com

ਸਹਜਾਦੇ ਕੋ ਆਗਮਨ ਮਦ੍ਰ ਦੇਸ ।

ਚੌਪਈ ॥

ਇਹ ਬਿਧਿ ਸੋ ਬਧ ਭਯੋ ਜੁਝਾਰਾ ॥
ਆਨ ਬਸੇ ਤਬ ਧਾਮ ਲੁਝਾਰਾ[1] ॥
ਤਬ ਅਉਰੰਗ ਮਨ ਮਾਹਿ ਰਿਸਾਵਾ ॥
ਮੱਦ੍ਰ ਦੇਸ ਕੋ ਪੂਤ ਪਠਾਵਾ ॥ ੧ ॥
ਤਿੱਹ ਆਵਤ ਸਭ ਲੋਕ ਡਰਾਨੇ ॥
ਬਡੇ ਬਡੇ ਗਿਰ[2] ਹੇਰ[3] ਲੁਕਾਨੇ ॥
ਹਮਹੂੰ ਲੋਗਨ ਅਧਿਕ ਡਰਾਯੋ ॥
ਕਾਲ ਕਰਮ ਕੋ ਮਰਮ ਨ ਪਾਯੋ ॥ ੨ ॥
[4]ਕਿਤਕ ਲੋਕ ਤਜਿ ਸੰਗਿ ਸਿਧਾਰੇ ॥
ਜਾਇ ਬਸੇ ਗਿਰਵਰ[5] ਜੱਹ ਭਾਰੇ ॥
ਚਿਤ ਮੂਜੀਯਨ[6] ਕੋ ਅਧਿਕ ਡਰਾਨਾ ॥
ਤਿਨੈ ਉਬਾਰ[7] ਨ ਅਪਨਾ ਜਾਨਾ ॥ ੩ ॥
ਤਬ ਅਉਰੰਗ ਜੀਅ ਮਾਂਝ ਰਿਸਾਏ ॥

---

੧ਲੜਾਕੇ ਸੂਰ । ੨ਪਹਾੜ । ੩ਦੇਖ ਕੇ । ੪ਕਿਤਨੇ ਲੋਕ ਸਾਡਾ ਸੰਗ ਭੀ ਤਿਆਗ ਕੇ ਚਲੇ ਗਏ । ੫ਵਡੇ ਪਹਾੜ । ੬ਗੀਦੀਆਂ ਦੇ, ਕਾਇਰਾਂ ਦੇ । ੭ਬਚਾਉ ।

 www.sikhbookclub.com

ਏਕ ਅਹਦੀਆ ਈਹਾਂ ਪਠਾਏ ॥
ਹਮ ਤੇ ਭਾਜਿ ਬਿਮੁਖ ਜੇ ਗਏ ॥
ਤਿਨ ਕੇ ਧਾਮ ਗ੍ਰਿਰਾਵਤ ਭਏ ॥ ੪ ॥
ਜੇ ਅਪਨੇ ਗੁਰ ਤੇ ਮੁਖ ਫਿਰਹੈਂ ॥
ਈਹਾਂ ਊਹਾਂ ਤਿਨ ਕੇ ਗ੍ਰਿਹਿ ਗਿਰਿਹੈਂ ॥
ਇਹਾਂ ਉਪਹਾਸ[੧] ਨ ਸੁਰ ਪੁਰ ਬਾਸਾ ॥
ਸਭ ਬਾਤਨ ਤੇ ਰਹੈ ਨਿਰਾਸਾ ॥ ੫ ॥
ਦੂਖ ਭੂਖ ਤਿਨ ਕੋ ਰਹੈ ਲਾਗੀ ॥
ਸੰਤ ਸੇਵ ਤੇ ਜੋ ਹੈ ਤਿਆਗੀ ॥
ਜਗਤ ਬਿਖੈ ਕੋਈ ਕਾਮ ਨ ਸਰਹੀਂ ॥
ਅੰਤਹਿ ਕੁੰਡ ਨਰਕ ਕੀ ਪਰਹੀਂ ॥ ੬ ॥
ਤਿਨ ਕੋ ਸਦਾ ਜਗਤ ਉਪਹਾਸਾ[੧] ॥
ਅੰਤਹਿ [੨] ਕੁੰਡ ਨਰਕ ਕੀ ਬਾਸਾ ॥
ਗੁਰ ਪਗ ਤੇ ਜੇ ਬੇਮੁਖ ਸਿਧਾਰੇ[੩] ॥
ਈਹਾਂ ਊਹਾਂ ਤਿਨ ਕੇ ਮੁਖ ਕਾਰੇ ॥ ੭ ॥
ਪੂਤ੍ਰ ਪਉਤ੍ਰ ਤਿਨ ਕੇ ਨਹੀਂ ਫਰੈ[੪] ॥

---

੧ਮਖੌਲ। ੨ਚਰਨਾਂ ਤੋਂ। ੩ਜਾਂਦੇ ਹਨ। ੪ਫਲਦੇ ਹਨ।

 www.sikhbookclub.com

ਦੂਖ ਦੈ ਮਾਤ ਪਿਤਾ ਕੋ ਮਰੈਂ ॥
ਗੁਰ ਦੋਖੀ [1]ਸਗ ਕੀ ਮ੍ਰਿਤ ਪਾਵੈ ॥
ਨਰਕ ਕੁੰਡ ਡਾਰੇ ਪਛੁਤਾਵੈ ॥ ੮ ॥
ਬਾਬੇ ਕੇ ਬਾਬਰ ਕੇ ਦੋਊ ॥
ਆਪ ਕਰੇ ਪਰਮੇਸਰ ਸੋਊ ॥
[2]ਦੀਨ ਸਾਹ ਇਨ ਕੋ ਪਹਿਚਾਨੋ ॥
[3]ਦੁਨੀ ਪੱਤਿ ਉਨ ਕੌ ਅਨੁਮਾਨੋ ॥ ੯ ॥
ਜੋ ਬਾਬੇ ਕੇ ਦਾਮ ਨ ਦੈਹੈਂ ॥
ਤਿਨ ਤੇ [4]ਗਹਿ ਬਾਬਰ ਕੇ ਲੈਹੈਂ ॥
ਦੈ ਦੈ ਤਿਨ ਕੋ ਬਡੀ ਸਜਾਇ ॥
ਪੁਨਿ ਲੈਹੈਂ ਗ੍ਰਿਹ ਲੂਟ ਬਨਾਇ ॥੧੦॥
ਜਬ ਹ੍ਵੈਹੈਂ ਬੇਮੁਖ ਬਿਨਾ ਧਨ ॥
ਤਬ ਚੜਿਹੈਂ [5]ਸਿਖਨ ਕਹ ਮਾਂਗਨ ॥
ਜੇ ਜੇ ਸਿਖ ਤਿਨੈ ਧਨ ਦੈਹੈਂ ॥
ਲੂਟ ਮਲੇਛ ਤਿਨੂ ਕੌ ਲੈਹੈਂ ॥੧੧॥

---

੧ਕੁੱਤੇ ਦੀ ਮੋਤੇ ਮਰਦੇ ਹਨ। ੨ਧਰਮ ਦੇ ਪਾਤਸ਼ਾਹ ਬਾਬੇ ਕੇ (ਗੁਰੂ ਨਾਨਕ) ਨੂੰ ਸਮਝੋ। ੩ਦੁਨੀਆਂ ਦਾ ਬਾਦਸ਼ਾਹ ਉਨ੍ਹਾਂ (ਬਾਬਰ ਕੇ) ਨੂੰ ਸਮਝੋ। ੪ਪਕੜ ਕੇ। ੫ ਸਿੱਖਾਂ ਪਾਸੋਂ।

ਜਬ ਹੁਇ ਹੈ ਤਿਨ ਦਰਬ[1] ਬਿਨਾਸਾ ॥
ਤਬ ਧਰਿਹੈ ਨਿਜ ਗੁਰ ਕੀ ਆਸਾ ॥
ਜਬ ਤੇ ਗੁਰ ਦਰਸਨ ਕੋ ਐਹੈਂ ॥
[2]ਤਬ ਤਿਨ ਕੋ ਗੁਰਮੁਖ ਨ ਲਗੈਹੈਂ ॥੧੨॥
ਬਿਦਾ ਬਿਨਾ ਜੈਹੈਂ ਤਬ ਧਾਮੰ ॥
ਸਰਿਹੈ ਕੋਈ ਨ ਤਿਨ ਕੋ ਕਾਮੰ ॥
ਗੁਰ ਦਰ ਢੋਸੀ ਨ ਪ੍ਰਭ ਪੁਰ ਵਾਸਾ ॥
ਦੁਹੂੰ ਠਉਰ ਤੇ ਰਹੇ ਨਿਰਾਸਾ ॥੧੩॥
ਜੇ ਜੇ ਗੁਰ ਚਰਨਨ ਰਤ ਹ੍ਵੈਹੈਂ ॥
ਤਿਨ ਕੋ ਕਸਟ ਨ ਦੇਖਨ ਪੈਹੈਂ ॥
ਰਿਧ ਸਿਧ ਤਿਨ ਕੇ ਗ੍ਰਿਹ ਮਾਹੀਂ ॥
[3]ਪਾਪ ਤਾਪ ਛ੍ਵੈ ਸਕੈ ਨ ਛਾਹੀਂ ॥੧੪॥
ਤਿਹ ਮਲੇਛ ਛ੍ਵੈਹੈ ਨਹੀਂ ਛਾਹਾਂ ॥
ਅਸਟ ਸਿਧ ਹ੍ਵੈਹੈਂ ਘਰਿ ਮਾਹਾਂ ॥
[4]ਹਾਸ ਕਰਤ ਜੋ ਉਦਮ ਉਠੈਹੈਂ ॥

---

੧ਧੰਨ। ੨ਤਦ ਤਿਨ੍ਹਾਂ ਨੂੰ ਗੁਰੂ ਮੂੰਹ ਨਹੀਂ ਲਾਵੇਗਾ। ੩ਪ੍ਰਛਾਵੇਂ ਨੂੰ ਭੀ ਤਾਪ ਪਾਪ ਛੋਹ ਨਹੀਂ ਸਕੇਗਾ। ੪ਗੁਰੂ ਚਰਨਾਂ ਦੇ (ਪ੍ਰਤੀਤਾਨ) ਹਾਸੇ ਨਾਲ ਭੀ ਕੁਝ ਪ੍ਰਾਪਤ ਕਰਨ ਦਾ ਉਦਮ ਕਰਦੇ ਹਨ।

ਨਵੋ ਨਿਧਿ ਤਿਨ ਕੇ ਘਰਿ ਐਹੈਂ ॥੧੫॥
ਮਿਰਜਾ ਬੇਗ ਹੁਤੋ ਤਿਹ ਨਾਮੰ ॥
ਜਿਹ ਢਾਹੇ ਬੇਮੁਖਨ ਕੇ ਧਾਮੰ ॥
[੧]ਸਭ ਸਨਮੁਖ ਗੁਰ ਆਪ ਬਚਾਏ ॥
ਤਿਨ ਕੇ ਬਾਰ[੨] ਨ ਬਾਂਕਨ[੩] ਪਾਏ ॥੧੬॥
ਉਤ ਅਉਰੰਗ ਜੀਅ ਅਧਿਕ ਰਿਸਾਯੋ ॥
ਚਾਰ ਅਹਦੀਯਨ ਅਉਰ ਪਠਾਯੋ ॥
ਜੇ ਬੇਮੁਖ ਤਾਂ ਤੇ ਬਚਿ ਆਏ ॥
ਤਿਨ ਕੇ ਗ੍ਰਿਹ ਪੁਨਿ ਇਨੈ ਗਿਰਾਏ ॥੧੭॥
[੪]ਜੇ ਤਜਿ ਭਜੇ ਹੁਤੇ ਗੁਰ ਆਨਾ ॥
[੫]ਤਿਨ ਪੁਨਿ ਗੁਰੂ ਅਹਦੀਅਹਿ ਜਾਨਾ ॥
ਮੂਤ੍ਰ ਡਾਰ ਤਿਨ ਸੀਸ ਮੁੰਡਾਏ ॥
ਪਾਹੁਰਿ[੭] ਜਾਨਿ ਗ੍ਰਿਹਿ ਲੈ ਆਏ ॥੧੮॥

---

੧ਸਾਰੇ ਸਨਮੁਖ (ਗੁਰਮੁਖ) ਸਿੱਖ ਗੁਰੂ ਨੇ ਆਪ ਬਚਾ ਲੀਤੇ। ੨ਵਾਲ। ੩ਟੇਡਾ। ੪ਜੇਹੜੇ ਗੁਰੂ ਨੂੰ ਤਿਆਗ ਕੇ ਹੋਰ ਪਾਸੇ ਭੱਜੇ ਗਏ ਸਨ। ੫ ਅਹਿਦੀਆਂ ਨੂੰ ਹੀ ਗਰੂ ਸਮਝ ਲੀਤਾ। (ਗੁਰੂ ਤਾਂ ਅੰਮ੍ਰਿਤ ਦੇ ਛੱਟੇ ਸਿਰ ਪੁਰ ਪਾਉਂਦੇ ਹਨ ਪਰ ਉਨ੍ਹਾਂ ਅਹਿਦੀਆਂ ਗੁਰੂਆਂ ਨੇ)। ੬ਸਿਰ ਤੇ ਪਿਸ਼ਾਬ ਪਾ ਕੇ ਉਨ੍ਹਾਂ ਦਾ ਸਿਰ ਮੁੰਨਿਆ। ੭ਇਹੀ ਪਾਹੁਲ ਜਾਣ ਕੇ ਘਰੀਂ ਆ ਗਏ।

 www.sikhbookclub.com

ਜੇ ਜੇ ਭਾਜ ਹੁਤੇ ਬਿਨੁ ਆਇਸੁ ॥
ਕਹੋ ਅਹਿਦੀਅਹਿ ਕਿਨੈ ਬਤਾਇਸੁ ॥
ਮੂੰਡ ਮੂੰਡਿ ਕਰਿ ਸਹਿਰ ਫਿਰਾਏ ॥
ਕਾਰ ਭੇਟ ਜਨੁ ਲੈਨ ਸਿਧਾਏ ॥੧੯॥

ਪਾਛੈ ਲਾਗਿ ਲਰਿਕਵਾ ਚਲੇ ॥
ਜਾਨੁਕ ਸਿਖ ਸਖਾ ਹੈਂ ਭਲੇ ॥
[1]ਛਿਕੇ ਤੋਬਰਾ [2]ਬਦਨ ਚੜ੍ਹਾਏ ॥
ਜਨੁ ਗ੍ਰਿਹ ਖਾਨ ਮਲੀਦਾ ਆਏ ॥੨੦॥

ਮਸਤਕ [3]ਸੁਭੇ [4]ਪਨਹੀਯਨ ਘਾਇ ॥
ਜਨੁ ਕਰਿ ਟੀਕਾ ਦਏ ਬਨਾਇ ॥
ਸੀਸ ਈਟ ਕੇ ਘਾਇ ਕਰੇਹੀ ॥
ਜਨੁ ਤਿਨੁ ਭੇਟ ਪੁਰਾਤਨ ਦੇਹੀ ॥੨੧॥

ਦੋਹਰਾ ॥

ਕਬਹੂੰ ਰਣ ਜੂਝਿਓ ਨਹੀ
ਕਛੁ ਦੈ ਜਸੁ ਨਹਿ ਲੀਨ ॥

---

੧(ਲਿੱਦ ਦੇ) ਛਿਕ ਕੇ ਤੋਬਰੇ ਮੂੰਹ ਤੇ ਚਾੜ੍ਹੇ ਹਨ।  ੨ਮੂੰਹ।
੩ਸੋਭਦੇ ਹਨ।  ੪ਜੁੱਤੀਆਂ ਦੇ ਘਾਵ।

 www.sikhbookclub.com

[1]ਗਾਂਵ ਬਸਤ ਜਾਨਿਯੋ ਨਹੀ
ਜਮ ਸੋ ਕਿਨ ਕਹਿ ਦੀਨ ॥੨੨॥

ਚੌਪਈ ॥

ਇਹ ਬਿਧਿ ਤਿਨੋ ਭਯੋ ਉਪਹਾਸਾ ॥
ਸਭ ਸੰਤਨ ਮਿਲਿ ਲਇਓ ਤਮਾਸਾ ॥
ਸੰਤਨ ਕਸਟ ਨ ਦੇਖਨ ਪਾਯੋ ॥
ਆਪ ਹਾਥ ਦੈ ਨਾਥ ਬਚਾਯੋ ॥੨੩॥

ਚਾਰਣੀ ॥ ਦੋਹਰਾ ॥

ਜਿਸ ਨੋ ਸਾਜਨ ਰਾਖਸੀ, ਦੁਸਮਨ ਕਵਨ ਬਿਚਾਰ ॥
ਛ੍ਵੈ ਨ ਸਕੈ ਤਿਹ ਛਾਹਿ ਕੌ, ਨਿਹਫਲ ਜਾਇ ਗਾਵਾਰ ॥ ੨੪ ॥
ਜੋ ਸਾਧੂ ਸਰਣੀ ਪਰੇ, ਤਿਨ ਕੇ ਕਵਨ ਬਿਚਾਰ ॥
ਦੰਤ ਜੀਭ ਜਿਮ ਰਾਖਿ ਹੈ, [2]ਦੁਸਟ ਅਰਿਸਟ ਸੰਘਾਰ ॥ ੨੫ ॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸਾਹਜ਼ਾਦੇਵ ਅਹਿਦੀਆ
ਗਮਨ ਬਰਨਨੰ ਨਾਮ ਤ੍ਰੋ ਦਸਮੋ ਧਿਆਇ ਸਮਾਪਤ
ਮਸਤੁ ਸੁਭਮਸਤੁ । ੧੩ ॥ ਅਫਜੂੰ ॥ ੪੯੦ ॥

ਚੌਪਈ ॥

ਸਰਬ ਕਾਲ ਸਭ ਸਾਧ ਉਬਾਰੇ ॥
ਦੁਖੁ ਦੈ ਕੈ ਦੋਖੀ ਸਭ ਮਾਰੇ ॥

---

[1]ਜਿਹਨੂੰ ਪਿੰਡ ਵਿਚ ਵਸਦਿਆਂ ਕੋਈ ਜਾਣਦਾ ਨਹੀਂ, ਪਤਾ ਨਹੀਂ ਕਿਸ ਨੇ [ਉਨ੍ਹਾਂ ਦਾ ਪਤਾ] ਜਮ ਨੂੰ ਕਹਿ ਦਿੱਤਾ। [2]ਦੂਤਾਂ ਦੁਸ਼ਟਾਂ ਨੂੰ ਨਾਸ਼ ਕਰਕੇ।

ਅਦਭੁਤਿ ਗਤਿ ਭਗਤਨ ਦਿਖਰਾਈ ॥
ਸਭ ਸੰਕਟ ਤੇ ਲਏ ਬਚਾਈ ॥ ੧ ॥

[1]ਸਭ ਸੰਕਟ ਤੇ ਸੰਤ ਬਚਾਏ ॥
ਸਭ ਕੰਟਕ ਕੰਟਕ ਜਿਮ ਘਾਏ ॥
ਦਾਸ ਜਾਨ ਮੁਰਿ ਕਰੀ ਸਹਾਇ ॥
ਆਪ ਹਾਥੁ ਦੈ ਲਯੋ ਬਚਾਇ ॥ ੨ ॥

ਅਬ ਜੋ ਜੋ ਮੈਂ ਲਖੇ ਤਮਾਸਾ ॥
ਸੋ ਸੋ ਕਰੋ ਤੁਮੈ ਅਰਦਾਸਾ ॥
ਜੋ ਪ੍ਰਭ ਕਿਰਪਾ ਕਟਾਛ [2]ਦਿਖੈਹੈ ॥
ਸੋ ਤਵ ਦਾਸ ਉਚਾਰਤ ਜੈਹੈ ॥ ੩ ॥

ਜਿਹ ਜਿਹ ਬਿਧ ਮੈ ਲਖੇ ਤਮਾਸਾ ॥
ਚਾਹਤ ਤਿਨ ਕੋ ਕੀਯੋ ਪ੍ਰਕਾਸਾ ॥
ਜੋ ਜੋ ਜਨਮ ਪੂਰਬਲੇ[3] ਹੇਰੇ ॥
ਕਹਿਹੋ ਸੋ ਪ੍ਰਭੁ [4]ਪਰਾਕ੍ਰਮ ਤੇਰੇ ॥ ੪ ॥
ਸਰਬ ਕਾਲ ਹੈ ਪਿਤਾ ਅਪਾਰਾ ॥

---

੧ਸਾਰੇ ਦੋਖੀ, ਵੈਰੀ ਕੰਡਿਆਂ ਵਾਂਗ ਨਾਸ਼ ਕਰ [ਭੰਨ] ਦਿੱਤਾ।
੨ਦਿਖਾਵੇਗਾ। ੩ਪਹਿਲੇ। ੪ਤਾਕਤ।

*ਦੇਬਿ ਕਾਲਿਕਾ ਮਾਤ ਹਮਾਰਾ ॥
ਮਨੂਆ ਗੁਰ ਮੁਰਿ ਮਨਸਾ ਮਾਈ ॥
ਜਿਨ ਮੋਕੇ ਸੁਭ ਕ੍ਰਿਆ ਪੜ੍ਹਾਈ ॥ ੫ ॥
ਜਬ ਮਨਸਾ ਮਨ ਮਯਾ[੧] ਬਿਚਾਰੀ ॥
ਗੁਰ ਮਨੂਆ ਕਹ ਕਹਿਯੋ ਸੁਧਾਰੀ ॥
ਜੇ ਜੇ ਚਰਿਤ ਪੁਰਾਤਨ ਲਹੇ ॥
ਤੇ ਤੇ ਅਬ ਚਹੀਅਤ ਹੈ ਕਹੈ ॥ ੬ ॥
ਸਰਬ ਕਾਲ ਕਰਣਾ ਤਬ ਭਰੇ ॥
ਸੇਵਕ ਜਾਨ ਦਯਾ ਰਸ ਢਰੇ ॥
ਜੋ ਜੋ ਜਨਮ ਪੁਰਬਲੋ ਭਯੋ ॥
ਸੋ ਸੋ ਸਭ ਸਿਮਰਣ ਕਰ ਦਯੋ ॥ ੭ ॥
ਮੋਕੌ ਇਤੀ ਹੁਤੀ ਕਹ ਸੁੱਧੰ ॥
ਜਸ ਪ੍ਰਭ ਦਈ ਕ੍ਰਿਪਾ ਕਰਿ ਬੁੱਧੰ ॥
ਸਰਬ ਕਾਲ ਤਬ ਭਏ ਦਇਆਲਾ ॥
ਲੋਹ ਰੱਛ ਹਮ ਕੋ ਸਬ ਕਾਲਾ ॥ ੮ ॥
ਸਰਬ ਕਾਲ ਰੱਛਾ ਸਬ ਕਾਲ ॥

---

*ਸਰਬ ਕਾਲ ਕਲਿਕਾ, ਮਨਸਾ ਵਾਹਿਗੁਰੂ ਦੇ ਬੋਧਕ ਹਨ । [੧]ਕ੍ਰਿਪਾ ।

ਲੋਹ ਰੱਛ ਸਰਬਦਾ ਬਿਸਾਲ ॥
[1]ਢੀਠ ਭਯੋ ਤਵ ਕ੍ਰਿਪਾ ਲਖਾਈ ॥
ਐਂਡੋ ਫਿਰੋ ਸਭਨ ਭਯੋ ਰਾਈ ॥ ੯ ॥

ਜਿਹ ਜਿਹ ਬਿਧ ਜਨ ਮਨ ਸੁਧਿ ਆਈ॥
ਤਿਮ ਤਿਮ ਕਹੇ ਗਿਰੰਥ ਬਨਾਈ ॥
ਪ੍ਰਥਮੇ ਸਤਿਜੁਗ ਜਿਹ ਬਿਧਿ ਲਹਾ ॥
ਪ੍ਰਥਮੇ ਦੇਬਿ ਚਰਿਤ੍ਰ ਕੋ ਕਹਾ ॥੧੦॥

ਪਹਿਲੇ ਚੰਡੀ ਚਰਿਤ੍ਰ ਬਨਾਯੋ ॥
[2]ਨਖ ਸਿਖ ਤੇ ਕ੍ਰਮ ਭਾਖ ਸੁਨਾਯੋ ॥
[3]ਛੋਰ ਕਥਾ ਤਬ ਪ੍ਰਥਮ ਸਨਾਈ ॥
ਅਬ ਚਾਹਤ ਫਿਰਿ ਕਰੋਂ ਬਡਾਈ ॥੧੧॥

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸਰਬ ਕਾਲ ਕੀ
ਬੇਨਤੀ ਬਰਨਨੰ ਨਾਮ ਚੌਦਸਮੋ ਧਿਆਇ
ਸਮਾਪਤਮਸਤੁ ਸੁਭਮਸਤੁ ॥ ੧੪ ॥

ਅਫਜੂੰ ॥ ੪੭੧ ॥

---

੧ਨਿਡੱਰ ਹੋ ਗਿਆ ਤਾਂ ਤੇਰੀ ਕ੍ਰਿਪਾ ਜਾਣ ਕੇ । ੨ਨੌਂਹ ਤੋਂ ਚੋਟੀ [ਸ਼ੁਰੂ ਤੇ ਅਖੀਰ ਤਕ] ਸਿਲਸਲੇ ਵਾਰ ਕਹਿ ਗਾਇਆ । ੩ਕੰਢਾ ਵਿਸਥਾਰ ਨਾਲ ।


www.sikhbookclub.com